25/PL

ਪੰਜਾਬੀ ਤੇ ਪੰਜਾਬੀਅਤ

ਅਤਰ ਸਿੰਘ

ਗੁਲਜ਼ਾਰ ਸਿੰਘ ਸੰਧੂ

ਵਿਜੇ ਚੌਹਾਨ

Prof. Dr. Harnam Singh Shan
Principal Project Investigator
U.G.C. Research Project on Sikhism
595, Sector-16 Chandigarh.

ਇਹ ਪਰਚੇ ੧੦-੧੧ ਮਾਰਚ, ੧੯੭੩ ਨੂੰ ਮਾਵਲੰਕਰ ਹਾਲ, ਨਵੀਂ ਦਿੱਲੀ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕੀਤੀ ਗਈ ਸਤਵੀਂ ਸਰਬ ਭਾਰਤੀ ਪੰਜਾਬੀ ਲੇਖਕ ਕਾਨਫ਼ਰੰਸ ਵਿਚ ਪੜ੍ਹੇ ਤੇ ਵਿਚਾਰੇ ਗਏ ।

211

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬੀ ਤੇ ਪੰਜਾਬੀਅਤ

ਅਤਰ ਸਿੰਘ
ਮੁਖ ਸੰਪਾਦਕ
ਅੰਗਰੇਜ਼ੀ-ਪੰਜਾਬੀ ਕੋਸ਼ ਵਿਭਾਗ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ

211

Digitized by Panjab Digital Library | www.panjabdigilib.org

ਭਾਵੇਂ ਭਾਰਤੀ ਪੰਜਾਬ ਦਾ ਭਾਸ਼ਾਈ ਪੁਨਰਗਠਨ ਭਾਸ਼ਾਈ ਆਧਾਰਾਂ ਨਾਲੋਂ ਵਧ ਫ਼ਿਰਕੂ ਆਧਾਰਾਂ ਤੇ ਕੀਤਾ ਗਿਆ, ਪਰ ਤਾਂ ਵੀ ਭਾਰਤੀ ਗਣਰਾਜ ਵਿਚ ਇਕ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਪੰਜਾਬੀ ਸ਼ਖਸੀਅਤ ਨੂੰ ਨਿਖੇੜਨ ਅਤੇ ਉਜਾਗਰ ਕਰਨ ਦੇ ਕਾਰਜ ਵਿਚ ਸਭ ਤੋਂ ਵਧ ਮਹੱਤਵਪੂਰਨ ਤੱਤ ਬਣ ਗਈ ਹੈ। ਪੰਜਾਬੀ ਬੋਲੀ ਦੇ ਆਧਾਰ ਤੇ ਇਕ ਵੱਖਰੇ ਰਾਜ ਦਾ ਹੋਂਦ ਵਿਚ ਆਉਣਾ ਪੰਜਾਬੀ ਲੋਕਾਂ ਦੇ ਸਮਕਾਲੀ ਇਤਿਹਾਸ ਵਿਚ ਰਾਜ ਦੀ ਸੰਸਥਾ ਨੂੰ ਪੰਜਾਬੀਅਤ ਦੇ ਵਿਕਾਸ ਵਿਚ ਇਕ ਬੁਨਿਆਦੀ ਪ੍ਰੇਰਕ ਬਣਾਨਾ ਹੈ। ਹੁਣ ਤਕ ਜੇ ਪੰਜਾਬੀ ਲੋਕ ਆਪੋ ਵਿਚ ਵੰਡੇ ਰਹੇ ਹਨ, ਤਾਂ ਉਸ ਦਾ ਇਕ ਵੱਡਾ ਕਾਰਨ ਇਹ ਸੀ ਕਿ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਵਿਚ ਧਰਮ ਨੂੰ ਰਾਜ ਨਾਲੋਂ ਵਧੇਰੇ ਦਖ਼ਲ ਪ੍ਰਾਪਤ ਸੀ। ਪੰਜਾਬੀ ਸੂਬਾ ਬਣਨ ਤਕ ਇਨ੍ਹਾਂ ਧਾਰਮਕ ਵਿਖੇਵਿਆਂ ਨੂੰ ਰਾਜਨੀਤਕ ਹਿਤਾਂ ਲਈ ਵਰਤਿਆ ਜਾਂਦਾ ਰਿਹਾ ਅਤੇ ਪੰਜਾਬੀ ਲੋਕਾਂ ਨੂੰ ਇਕ ਦੂਜੇ ਨਾਲੋਂ ਪਾੜ ਕੇ ਰਖਿਆ ਗਿਆ।

ਪੰਜਾਬੀ ਬੋਲੀ ਅਤੇ ਪੰਜਾਬੀਅਤ ਦੇ ਵਿਕਾਸ ਲਈ ਰਾਜ ਦੀ ਸੰਸਥਾ ਧਰਮ ਦੀ ਸੰਸਥਾ ਨਾਲੋਂ ਕਿਤੇ ਵਧੇਰੇ ਇਕਾਗਰਕਾਰੀ ਹਿੱਸਾ ਪਾ ਸਕਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬੀ ਨੂੰ ਰਾਜ ਭਾਸ਼ਾ ਦੀ ਪਦਵੀ ਮਿਲ ਗਈ ਹੈ ਅਤੇ ਰਾਜ ਸਰਕਾਰ ਵਲੋਂ ਚਲਾਏ ਜਾ ਰਹੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਇਕੋ ਇਕ ਮਾਧਿਅਮ ਬਣਾ ਦਿਤਾ ਗਿਆ ਹੈ। ਇਸੇ ਤਰ੍ਹਾਂ ਪੰਜਾਬ ਰਾਜ ਦੀਆਂ ਵੱਖ ਵੱਖ ਸੇਵਾਵਾਂ ਲਈ ਪਬਲਿਕ ਸਰਵਿਸ ਕਮਿਸ਼ਨ ਦੀਆਂ ਪ੍ਰੀਖਿਆਵਾਂ ਦਾ ਮਾਧਿਅਮ ਵੀ ਪੰਜਾਬੀ ਨੂੰ ਬਣਾਇਆ ਗਿਆ ਹੈ। ਇਨ੍ਹਾਂ ਸਾਰੇ ਅਤੇ ਹੋਰ ਸੰਬੰਧਤ ਜਤਨਾਂ ਦਾ ਇਕ ਸਿੱਟਾ ਇਹ ਨਿਕਲ ਰਿਹਾ ਹੈ ਕਿ ਪੰਜਾਬੀ ਵਲੋਂ ਨਿਰੋਲ ਧਾਰਮਕ ਆਧਾਰਾਂ ਤੇ, ਉਦਾਸੀਨਤਾ ਘਟਦੀ ਜਾ ਰਹੀ ਹੈ। ਨਿਰੋਲ ਧਾਰਮਕ ਪ੍ਰੇਰਨਾਵਾਂ ਅਧੀਨ ਪੰਜਾਬ ਰਾਜ ਵਿਚ ਵਸਦੇ ਸਾਰੇ ਪੰਜਾਬੀ ਲੋਕਾਂ ਦਾ ਪੰਜਾਬੀ ਨੂੰ ਅਪਨਾਉਣਾ ਬੜਾ ਕਠਨ ਸੀ। ਪਰ ਰਾਜ ਦੇ ਪ੍ਰਭਾਵ ਹੇਠ

Digitized by Panjab Digital Library | www.panjabdigilib.org

ਪੰਜਾਬੀ ਛੇਤੀ ਹੀ ਪੰਜਾਬੀ ਲੋਕਾਂ ਦੇ ਸਭਿਆਚਾਰਕ ਲੈਣ ਦੇਣ ਅਤੇ ਆਪਾ ਪ੍ਰਗਟਾਉਣ ਦਾ ਇਕ ਭਰੋਸੇਯੋਗ ਸਾਧਨ ਬਣ ਜਾਏਗੀ, ਇਸ ਗੱਲ ਵਿਚ ਹੁਣ ਕਿਸੇ ਨੂੰ ਬਹੁਤਾ ਸ਼ਕ ਨਹੀਂ ਦਿਸਦਾ। ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਨਾਲ ਪੰਜਾਬੀ ਭਾਸ਼ਾ ਨੂੰ ਪੰਜਾਬੀਅਤ ਜਾਂ ਪੰਜਾਬੀ ਸ਼ਖ਼ਸੀਅਤ ਦੀ ਪਛਾਣ ਬਣਾਨ ਅਤੇ ਇਸ ਪਛਾਣ ਨੂੰ ਸਭਿਆਚਾਰਕ ਪੱਧਰ ਉਤੇ ਪ੍ਰਗਟ ਕਰਨ ਦੇ ਕਾਰਜ ਵਿਚ ਕੇਂਦਰੀ ਰੋਲ ਨਿਭਾਉਣ ਦਾ ਅਵਸਰ ਪਹਿਲੀ ਵਾਰ ਪ੍ਰਾਪਤ ਹੋਇਆ ਹੈ। ਜਿਨ੍ਹਾਂ ਲੋਕਾਂ ਨੂੰ ਧਰਮ ਨੇ ਹੁਣ ਤਕ ਨਿਖੇੜੀ ਰਖਿਆ ਸੀ, ਭਾਸ਼ਾ ਉਨ੍ਹਾਂ ਨੂੰ ਇਕ ਸਾਂਝੀ ਧਰਮ-ਨਿਰਪੇਖ ਸ਼ਖ਼ਸੀਅਤ ਪ੍ਰਦਾਨ ਕਰਨ ਵਿਚ ਸਹਾਈ ਸਿੱਧ ਹੋ ਰਹੀ ਹੈ। ਪੰਜਾਬੀ ਲੋਕਾਂ ਦੀ ਸਭਿਆਚਾਰਕ ਏਕਤਾ ਦਾ ਕੋਈ ਸਥਿਰ ਆਧਾਰ ਇਸੇ ਲਈ ਹੁਣ ਤਕ ਉਤਪੰਨ ਨਹੀਂ ਸੀ ਹੋਇਆ ਕਿਉਂਕਿ ਲੋਕਾਂ ਦੀ ਆਪਣੀ ਭਾਸ਼ਾ ਨੂੰ ਇਸ ਕਾਰਜ ਵਿਚ ਕੋਈ ਵੀ ਸਥਾਨ ਪ੍ਰਾਪਤ ਨਹੀਂ ਸੀ। ਮੱਧ-ਕਾਲ ਵਿਚ ਫ਼ਾਰਸੀ ਦਾ ਬੋਲ ਬਾਲਾ ਸੀ, ਜੋ ਮੂਲ ਰੂਪ ਵਿਚ ਇਕ ਵਿਦੇਸ਼ੀ ਸ਼ਾਸਕ ਵਰਗ ਦੀ ਭਾਸ਼ਾ ਸੀ। ਅੰਗਰੇਜ਼ਾਂ ਨੇ ਫ਼ਾਰਸੀ ਦਾ ਸਥਾਨ ਉਰਦੂ ਨੂੰ ਦਿਤਾ, ਜਿਸ ਦਾ ਪੰਜਾਬੀ ਬੋਲਦੇ ਲੋਕਾਂ ਵਿਚ ਇਕ ਸਭਿਆਚਾਰਕ ਭਾਸ਼ਾ ਦੇ ਤੌਰ ਤੇ ਪ੍ਰਚਲਨ ਹੋ ਗਿਆ। ਸੁਭਾਵਿਕ ਸੀ ਕਿ ਉਰਦੂ ਭਾਸ਼ਾ ਵੀ ਸਥਾਨਕ ਭਾਸ਼ਾ ਨਾ ਹੋਣ ਦੇ ਕਾਰਨ ਪੰਜਾਬੀ ਲੋਕਾਂ ਦੇ ਸਭਿਆਚਾਰ ਦਾ ਇਕ ਸੁਭਾਵਕ ਵਾਹਨ ਨਹੀਂ ਸੀ ਬਣ ਸਕਦੀ।

ਪਰ ਕੀ ਭਾਰਤੀ ਗਣਰਾਜ ਵਿਚ ਇਕ ਪੰਜਾਬੀ ਬੋਲਦਾ ਰਾਜ ਸਥਾਪਤ ਹੋ ਜਾਣ ਅਤੇ ਇਸ ਪੰਜਾਬੀ ਬੋਲਦੇ ਰਾਜ ਵਿਚ ਪੰਜਾਬੀ ਭਾਸ਼ਾ ਨੂੰ ਸਿੱਖਿਆ ਅਤੇ ਰਾਜ ਪ੍ਰਬੰਧ ਦੀ ਭਾਸ਼ਾ ਬਣਾ ਦੇਣ ਨਾਲ ਪੰਜਾਬੀਅਤ ਭਾਵ ਪੰਜਾਬੀ ਲੋਕਾਂ ਦੀ ਭਾਵੁਕ ਤੇ ਸਭਿਆਚਾਰਕ ਏਕਤਾ ਦੀ ਸਮੱਸਿਆ ਵੀ ਹੱਲ ਹੋ ਗਈ ਹੈ ? ਸਪੱਸ਼ਟ ਹੈ ਕਿ ਉੱਤਰ ਨਹੀਂ ਵਿਚ ਹੀ ਮਿਲੇਗਾ। ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤੀ ਪੰਜਾਬ ਦੇ ਪੁਨਰ-ਗਠਨ ਵਿਚ ਭਾਸ਼ਾਈ ਆਧਾਰਾਂ ਨਾਲੋਂ ਵਧ ਮਹੱਤਤਾ ਫ਼ਿਰਕੂ ਆਧਾਰਾਂ ਨੂੰ ਦੇਣ ਦੇ ਕਾਰਨ ਬਹੁਤ ਸਾਰੇ ਪੰਜਾਬੀ ਲੋਕਾਂ ਨੂੰ ਪੰਜਾਬ ਤੋਂ ਅੱਡ ਕਰ ਦਿਤਾ ਗਿਆ (ਜਿਵੇਂ ਕਿ ਕਾਂਗੜਾ ਕੁੱਲੂ ਆਦਿ) ਜਾਂ ਬਾਹਰ ਰਖਿਆ ਗਿਆ ਹੈ। (ਜਿਵੇਂ ਕਿ ਜੰਮੂ ਪ੍ਰਦੇਸ਼, ਗੰਗਾ ਨਗਰ ਆਦਿ)। ਪੰਜਾਬੀਅਤ ਦੇ ਵਿਸ਼ਾਲ ਪ੍ਰਸੰਗ ਵਿਚ

Digitized by Panjab Digital Library | www.panjabdigilib.org

ਇਸ ਗੱਲ ਦੀ ਕੋਈ ਬਹੁਤੀ ਮਹੱਤਤਾ ਨਹੀਂ ਸੀ ਹੋਣੀ ਜੇ ਇਨ੍ਹਾਂ ਸਾਰੇ ਇਲਾਕਿਆਂ ਵਿਚ ਪੰਜਾਬੀ ਭਾਸ਼ਾ ਲਈ ਔਖਿਆਈਆਂ ਪੈਦਾ ਨਾ ਹੁੰਦੀਆਂ। ਕਿਉਂਕਿ ਇਨ੍ਹਾਂ ਸਾਰੇ ਇਲਾਕਿਆਂ ਦੇ ਰਾਜ ਪ੍ਰਬੰਧ ਅਤੇ ਸਿੱਖਿਆ ਪ੍ਰਣਾਲੀ ਵਿਚੋਂ ਪੰਜਾਬੀ ਭਾਸ਼ਾ ਨੂੰ ਸੰਪੂਰਨ ਤੌਰ ਤੇ ਬੇ-ਦਖ਼ਲ ਕਰ ਦਿਤਾ ਗਿਆ ਹੈ, ਇਸ ਲਈ ਇਹ ਸੁਭਾਵਕ ਹੈ ਕਿ ਇਨ੍ਹਾਂ ਦੇ ਸਭਿਆਚਾਰ ਵਿਚੋਂ ਮੌਲਿਕ ਪੰਜਾਬੀ ਅੰਸ਼ ਦੱਬਦੇ ਜਾਣਗੇ ਅਤੇ ਇਨ੍ਹਾਂ ਦੇ ਲੋਕਾਂ ਦਾ ਸਭਿਆਚਾਰਕ ਵਿਕਾਸ ਪੰਜਾਬੀਅਤ ਵਲੋਂ, ਬੇ-ਮੁਖ ਹੁੰਦਾ ਚਲਾ ਜਾਵੇਗਾ। ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਰਹਿਣ ਵਾਲੇ ਪੰਜਾਬੀ ਬੋਲਦੇ ਲੋਕ ਧਰਮ ਦੇ ਲਿਹਾਜ਼ ਨਾਲ ਹਿੰਦੂ ਹਨ ਇਸ ਲਈ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਵਲੋਂ ਬੇਮੁਖ ਹੁੰਦੇ ਜਾਣ ਨਾਲ ਪੰਜਾਬੀ ਬੋਲੀ ਅਤੇ ਸਾਹਿੱਤ ਇਨ੍ਹਾਂ ਦੀਆਂ ਸੰਸਕ੍ਰਿਤਕ ਆਕਾਂਖਿਆਵਾਂ ਅਤੇ ਸੱਧਰਾਂ ਉਮੰਗਾਂ ਨੂੰ ਵਿਅਕਤ ਕਰਨ ਤੋਂ ਵੰਚਿਤ ਰਹਿ ਜਾਣਗੇ। ਇਸ ਦਾ ਨਤੀਜਾ ਇਹ ਨਿਕਲੇਗਾ ਕਿ ਪੰਜਾਬ ਰਾਜ ਵਿਚ ਪੰਜਾਬੀ ਬੋਲੀ ਅਤੇ ਸਭਿਆਚਾਰ ਦੇ ਆਗਾਮੀ ਵਿਕਾਸ ਵਿਚ ਇਕ ਖ਼ਾਸ ਪ੍ਰਕਾਰ ਦੀ ਇਕ-ਰੰਗੀ ਵਧਦੀ ਜਾਵੇਗੀ ਅਤੇ ਉਹ ਵਿਵਿਧਤਾ ਅਤੇ ਵੰਨ ਸੁਵੰਨਤਾ ਜਿਹੜੀ ਹੁਣ ਤਕ ਪੰਜਾਬੀ ਸਭਿਆਚਾਰ ਦੀ ਖ਼ਾਸੀਅਤ ਰਹੀ ਹੈ, ਲੋਪ ਹੁੰਦੀ ਚਲੀ ਜਾਏਗੀ। ਇਹ ਠੀਕ ਹੈ ਕਿ ਜੰਮੂ ਪ੍ਰਦੇਸ਼ ਜਾਂ ਕਾਂਗੜਾ ਵਿਚ ਸਥਾਨਕ ਬੋਲੀ ਤੇ ਲੋਕ ਸਾਹਿੱਤ ਨੂੰ ਸੁਰਜੀਤ ਰਖਣ ਦੇ ਜਤਨ ਕੀਤੇ ਜਾ ਰਹੇ ਹਨ, ਪਰ ਪੰਜਾਬੀ ਨਾਲੋਂ ਟੁਟ ਕੇ ਇਹ ਸਥਾਨਕ ਬੋਲੀਆਂ ਤੇ ਸਭਿਆ-ਚਾਰ ਜੇ ਵਿਕਸਤ ਹੋ ਵੀ ਜਾਣ ਤਾਂ ਇਨ੍ਹਾਂ ਦੀ ਪੰਜਾਬੀ ਨਾਲੋਂ ਇਕ ਵਖਰੀ ਸ਼ਖ਼ਸੀਅਤ ਉਘੜ ਆਉਣੀ ਆਵੱਸ਼ਕ ਗੱਲ ਹੈ। ਸਾਹਿੱਤ ਅਕਾਡਮੀ ਦੀ ਪੱਧਰ ਤੇ ਡੋਗਰੀ ਭਾਸ਼ਾ ਨੂੰ ਜੋ ਪ੍ਰਵਾਨਗੀ ਮਿਲੀ ਹੈ, ਇਸ ਨੂੰ ਇਸ ਪ੍ਰਸੰਗ ਵਿਚ ਇਕ ਉਦਾਹਰਣ ਦੇ ਤੌਰ ਤੇ ਪੇਸ਼ ਕੀਤਾ ਜਾ ਸਕਦਾ ਹੈ।

ਜਿਥੋਂ ਤਕ ਪੰਜਾਬ ਰਾਜ ਦੇ ਅੰਦਰ ਪੰਜਾਬੀਅਤ ਦੇ ਵਿਕਾਸ ਦਾ ਸੰਬੰਧ ਹੈ, ਇਸ ਦੀ ਪਛਾਣ ਵਿਚ ਸਿੱਖ ਅਤੇ ਪੇਂਡੂ ਵਿਸ਼ੇਸ ਤੌਰ ਤੇ ਜੱਟ ਸਿੱਖ ਤੱਤਾਂ ਦਾ ਪ੍ਰਭਾਵ ਵਧਦਾ ਪ੍ਰਤੀਤ ਹੁੰਦਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਰ ਸਭ ਤੋਂ ਵਧ ਮਹੱਤਵਪੂਰਨ ਕਾਰਨ ਇਹ ਹੈ ਕਿ ਸ਼ਹਿਰੀ ਪੰਜਾਬੀਆਂ ਦੀ ਬਹੁ-ਗਿਣਤੀ ਨੇ ਸੰਪਰਦਾਇਕ ਪ੍ਰਭਾਵਾਂ ਹੇਠ ਪੰਜਾਬੀ ਬੋਲੀ ਨੂੰ ਘਟੋ ਘਟ ਭਾਵੁਕ ਤੌਰ ਤੇ, ਅਜੇ ਤਕ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤੇ।

Digitized by Panjab Digital Library | www.panjabdigilib.org

ਇਸ ਲਈ ਪੰਜਾਬ ਦੀ ਵੱਸੋਂ ਦਾ ਇਹ ਰਾਜਨੀਤਕ ਤੇ ਆਰਥਕ ਤੌਰ ਤੇ ਬੜਾ ਮਹੱਤਵਪੂਰਨ, ਵਿੱਦਿਅਕ ਅਤੇ ਸਭਿਆਚਾਰਕ ਤੌਰ ਤੇ ਵਧੇਰੇ ਵਿਕਸਤ ਅਤੇ ਅਨੁਭਵ ਦੀ ਦ੍ਰਿਸ਼ਟੀ ਤੋਂ ਵਧੇਰੇ ਆਧੁਨਿਕ ਤੇ ਸੰਵੇਦਨਾਸ਼ੀਲ ਭਾਗ ਜਾਂ ਤਾਂ ਹੁਣ ਤਕ ਮੋਨਧਾਰੀ ਬਣਿਆ ਰਿਹਾ ਹੈ ਜਾਂ ਹਿੰਦੀ ਬੋਲੀ ਦੁਆਰਾ ਆਪਣੇ ਅਨੁਭਵਾਂ ਨੂੰ ਪ੍ਰਗਟਾਉਂਦਾ ਰਿਹਾ ਹੈ। ਇਸ ਦੇ ਸਾਂਸਕ੍ਰਿਤਕ ਅਨੁਭਵਾਂ ਨੇ ਅਜੇ ਤਕ ਸਹਿਜ ਸੁਭਾਵਕ ਰੂਪ ਵਿਚ ਪੰਜਾਬੀ ਵਿਚ ਵਿਅਕਤ ਹੋਣਾ ਆਰੰਭ ਨਹੀਂ ਕੀਤਾ। ਇਸ ਦੇ ਨਾਲ ਹੀ ਇਕ ਹੋਰ ਵਡੀ ਸਮੱਸਿਆ ਇਹ ਹੈ ਕਿ ਹਿੰਦੂਆਂ ਤੇ ਸਿੱਖਾਂ ਤੋਂ ਬਿਨਾ ਪੰਜਾਬ ਵਿਚ ਪਛੜੀਆਂ ਤੇ ਅਨੁਸੂਚਿਤ ਜਾਤੀਆਂ ਦੀ ਵੀ ਇਕ ਬਹੁਤ ਤਕੜੀ ਵੱਸੋਂ ਹੈ, ਜਿਨ੍ਹਾਂ ਲਈ ਕੋਈ ਵੀ ਲਿਖਤੀ ਭਾਸ਼ਾ ਅਜੇ ਤਕ ਸਾਂਸਕ੍ਰਿਤਿਕ ਪ੍ਰਗਟਾਉ ਦਾ ਸਾਧਨ ਨਹੀਂ ਬਣੀ। ਇਨ੍ਹਾਂ ਲੋਕਾਂ ਦੇ ਅਨੁਭਵ ਤੇ ਅਹਿਸਾਸ, ਥੁੜਾਂ ਤੇ ਉਮੰਗਾਂ ਵੀ ਅਜੇ ਤਕ ਪੰਜਾਬੀ ਭਾਸ਼ਾ ਦੁਆਰਾ ਮੂਰਤੀਮਾਨ ਹੋਣੀਆਂ ਆਰੰਭ ਨਹੀਂ ਹੋਈਆਂ। ਇਹ ਠੀਕ ਹੈ ਕਿ ਜਿਉਂ ਜਿਉਂ ਸਿੱਖਿਆ ਦੁਆਰਾ ਪੰਜਾਬੀ ਬੋਲੀ ਦਾ ਪ੍ਰਚਾਰ ਵਧਦਾ ਜਾਏਗਾ ਅਤੇ ਪੰਜਾਬ ਰਾਜ ਵਿਚ ਨਿਰਖਰਤਾ ਖ਼ਤਮ ਹੁੰਦੀ ਜਾਏਗੀ ਤਿਉਂ ਤਿਉਂ ਇਨ੍ਹਾਂ ਅਸਿੱਖਾਂ ਲੋਕਾਂ ਦੀ ਮੂਕ ਵੇਦਨਾ ਨੂੰ ਵੀ ਜ਼ਬਾਨ ਮਿਲਣੀ ਆਰੰਭ ਹੋਵੇਗੀ ਤੇ ਉਸ ਦਾ ਪ੍ਰਭਾਵ ਪੰਜਾਬੀ ਲੋਕਾਂ ਦੇ ਰਾਜਨੀਤਕ ਅਤੇ ਸਭਿਆਚਾਰਕ ਜੀਵਨ ਵਿਚ ਪੈਣਾ ਆਰੰਭ ਹੋਵੇਗਾ। ਸੁਭਾਵਕ ਹੈ ਕਿ ਜਦੋਂ ਐਸਾ ਹੋਵੇਗਾ ਤਾਂ ਪੰਜਾਬੀ ਸਭਿਆਚਾਰ ਦੇ ਸੈਕੂਲਰ ਤੱਤ ਧਾਰਮਕ ਤੱਤਾਂ ਨਾਲੋਂ ਵਧੇਰੇ ਮਹੱਤਤਾ ਧਾਰਨ ਕਰ ਜਾਣਗੇ। ਅਤੇ ਇਨ੍ਹਾਂ ਦੀ ਛਾਪ ਵੀ ਪੰਜਾਬੀ ਸਾਹਿੱਤ ਅਤੇ ਸਭਿਆਚਾਰ ਉਤੇ ਪ੍ਰਤੱਖ ਦਿਸਣ ਲਗ ਪਵੇਗੀ।

ਪੰਜਾਬੀ ਬੋਲੀ ਨੂੰ ਪੰਜਾਬੀ ਲੋਕਾਂ ਦੀ ਸਭਿਆਚਾਰਕ ਅਤੇ ਭਾਵੁਕ ਏਕਤਾ ਦਾ ਆਧਾਰ ਬਣਨ ਲਈ ਜਿਥੇ ਪੰਜਾਬ ਰਾਜ ਦੀ ਪੱਧਰ ਤੇ ਕੁਝ ਬੁਨਿਆਦੀ ਕਾਰਜ ਸ਼ੁਰੂ ਹੋ ਗਏ ਹਨ ਉਥੇ ਕੇਂਦਰੀ ਸਰਕਾਰ ਦੇ ਅਧੀਨ "ਮਾਸ-ਮੀਡੀਆ" ਸਾਧਨਾ ਵਿਚ ਅਜੇ ਤੱਕ ਪੰਜਾਬੀ ਨੂੰ ਆਪਣਾ ਯੋਗ ਸਥਾਨ ਨਹੀਂ ਮਿਲਿਆ। ਜਿਥੋਂ ਤੱਕ ਪੰਜਾਬੀ ਭਾਸ਼ਾ ਸੰਬੰਧੀ ਆਲ ਇੰਡੀਆ ਰੇਡੀਉ ਜਾਂ ਟੈਲੀਵੀਜ਼ਨ ਜਾਂ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਦੀ ਨੀਤੀ ਜਾਂ ਰਵੱਈਏ ਦਾ ਸਾਵਲ ਹੈ ਉਨ੍ਹਾਂ ਨੇ ਅਜੇ ਤੱਕ ਇਸ ਤੱਥ ਨੂੰ ਸਵੀਕਾਰ ਹੀ ਨਹੀਂ ਕੀਤਾ ਪ੍ਰਤੀਤ ਹੁੰਦਾ ਕਿ ਪੰਜਾਬੀ ਸਾਰੇ ਪੰਜਾਬੀ ਲੋਕਾਂ ਦੀ ਇਕ ਸਾਂਝੀ ਭਾਸ਼ਾ ਹੈ ਅਤੇ ਇਸ

Digitized by Panjab Digital Library | www.panjabdigilib.org

ਭਾਸ਼ਾ ਦੁਆਰਾ ਹੀ ਪੰਜਾਬੀ ਲੋਕਾਂ ਦੀ ਸਾਂਝ ਨੂੰ ਪਕੇਰਿਆਂ ਕੀਤਾ ਜਾ ਸਕਦਾ ਅਤੇ ਉਨ੍ਹਾਂ ਦੇ ਸਭਿਆਚਾਰਕ ਪ੍ਰਗਟਾਉ ਲਈ ਇਸੇ ਹੀ ਬੋਲੀ ਨੂੰ ਇਕ ਸਹਜ ਸੁਭਾਵਕ ਮਾਧਿਅਮ ਬਣਾਇਆ ਜਾ ਸਕਦਾ ਹੈ। ਭਾਰਤ ਸਰਕਾਰ ਦੀ ਇਸ ਨੀਤੀ ਦੇ ਉਦਾਹਰਣ ਉਤਨੇ ਹੀ ਅਫ਼ਸੋਸਨਾਕ ਹਨ ਜਿਤਨੇ ਦਿਲਚਸਪ। ਰੇਡੀਉ ਦਾ ਮਾਧਿਅਮ ਮੂੰਹੋਂ ਬੋਲਿਆ ਤੇ ਕੰਨ ਦੁਆਰਾ ਸੁਣਿਆ ਜਾਣ ਵਾਲਾ ਸ਼ਬਦ ਹੁੰਦਾ ਹੈ। ਇਸ ਸ਼ਬਦ ਦੇ ਪ੍ਰਸਾਰਣ ਲਈ ਤਾਂ ਕਿਸੇ ਲਿਪੀ ਦਾ ਝਗੜਾ ਪੈਦਾ ਨਹੀਂ ਹੁੰਦਾ। ਪਰ ਭਾਰਤ ਸਰਕਾਰ ਨੇ ਅਜੇ ਤੱਕ ਪੰਜਾਬੀ ਦਾ ਕੋਈ ਵਖਰਾ ਨਿਵੇਕਲਾ ਸਟੇਸ਼ਨ ਨਹੀਂ ਬਣਾਇਆ। ਹੋਰ ਸਭ ਭਾਸ਼ਾਵਾਂ ਲਈ ਵਖਰੇ ਰੇਡੀਓ ਸਟੇਸ਼ਨ ਹਨ, ਪਰ ਪੰਜਾਬ ਦੇ ਐਨ ਕੇਂਦਰ ਵਿਚ ਸਥਾਪਤ ਸਟੇਸ਼ਨ ਜਲੰਧਰ, ਆਜ਼ਾਦੀ ਤੋਂ ਇਕ ਚੌਥਾਈ ਸਦੀ ਅਤੇ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਦੇ ਸੱਤ ਵਰ੍ਹਿਆਂ ਪਿਛੋਂ ਤੱਕ ਵੀ, ਅਜੇ ਇਕ ਦੁ-ਭਾਸ਼ੀ ਰੇਡੀਓ ਸਟੇਸ਼ਨ ਹੈ। ਬਹੁਤੇ ਲੋਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਭਾਰਤ ਦੀ ਕੋਈ ਹੋਰ ਇਕ ਵੀ ਐਸੀ ਪ੍ਰਵਾਣਿਤ ਭਾਸ਼ਾ ਨਹੀਂ ਜਿਸ ਦਾ ਆਪਣਾ ਨਿਵੇਕਲਾ ਰੇਡੀਓ ਸਟੇਸ਼ਨ ਨਾ ਹੋਵੇ ਸਿਵਾਏ ਪੰਜਾਬੀ ਦੇ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਜਲੰਧਰ ਰੇਡੀਓ ਸਟੇਸ਼ਨ ਤੇ ਪੰਜਾਬੀ ਤੇ ਹਿੰਦੀ ਦੋਵੇਂ ਭਾਸ਼ਾਵਾਂ ਨਿਰੋਲ ਸੰਪਰਦਾਇਕ ਝਗੜਿਆਂ ਵਿਚ ਉਲਝੀਆਂ ਹੋਈਆਂ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਭਾਰਤ ਸਰਕਾਰ ਲਈ ਪੰਜਾਬੀ ਭਾਸ਼ਾ ਨਿਰੋਲ ਇਕ ਸਿੱਖਾਂ ਦੀ ਭਾਸ਼ਾ ਹੀ ਹੈ, ਨਹੀਂ ਤਾਂ ਕੋਈ ਕਾਰਨ ਨਹੀਂ ਕਿ ਪੰਜਾਬੀ ਬੋਲੀ ਵਿਚ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਵਿਚ ਕੇਵਲ ਸਿੱਖ ਧਰਮ ਜਾਂ ਪੇਂਡੂ ਜੀਵਨ ਦੇ ਸਾਂਸਕ੍ਰਿਤਕ ਅੰਸ਼ ਹੀ ਦਿਤੇ ਜਾਣ ਅਤੇ ਦੂਜੇ ਧਰਮਾਂ ਜਿਵੇਂ ਕਿ ਹਿੰਦੂ ਧਰਮ, ਇਸਲਾਮ ਜਾਂ ਈਸਾਈ ਧਰਮਾਂ ਦੀਆਂ ਸਾਂਸਕ੍ਰਿਤਕ ਲੋੜਾਂ ਪੂਰੀਆਂ ਕਰਨ ਅਤੇ ਸੂਖਮ ਨਾਗਰਿਕ ਕਿਸਮ ਦੇ ਅਨੁਭਵਾਂ ਨੂੰ ਪੇਸ਼ ਕਰਨ ਲਈ ਪੰਜਾਬੀ ਬੋਲੀ ਨੂੰ ਮਾਧਿਅਮ ਨਾ ਬਣਾਇਆ ਜਾਵੇ। ਇਉਂ ਲੋਕ ਸੰਪਰਕ ਦਾ ਇਕ ਬਹੁਤ ਸ਼ਕਤੀਸ਼ਾਲੀ ਸਾਧਨ ਅਜੇ ਵੀ ਪੰਜਾਬੀ, ਇਕ ਸਾਂਝੀ ਬੋਲੀ, ਦੇ ਆਧਾਰ ਤੇ ਇਕ ਸਾਂਝੀ ਪੰਜਾਬੀਅਤ ਨੂੰ ਉਸਾਰਨ ਦੀ ਥਾਂ ਪੰਜਾਬੀ ਲੋਕਾਂ ਦੀ ਧਾਰਮਕ ਵੰਡ ਨੂੰ ਸੁਰਜੀਤ ਰਖਣ ਅਤੇ ਸਥਿਰ ਬਣਾਨ ਲਈ ਵਰਤਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬੀਅਤ ਅਤੇ ਪੰਜਾਬੀ ਬੋਲੀ ਵਿਰੁਧ ਭਾਰਤ ਸਰਕਾਰ ਦੀ ਨੀਤੀ ਦਾ ਇਕ ਪ੍ਰਮਾਣ ਇਹ ਵੀ

Digitized by Panjab Digital Library | www.panjabdigilib.org

ਹੈ ਕਿ ਦੇਸ਼ ਤੋਂ ਬਾਹਰ ਵਸਣ ਵਾਲੇ ਲੱਖਾਂ ਪੰਜਾਬੀ ਲੋਕਾਂ ਲਈ ਕੋਈ ਸ਼ਾਰਟ ਵੇਵ ਰੇਡੀਓ ਪ੍ਰਸਾਰਨ ਪੰਜਾਬੀ ਬੋਲੀ ਵਿਚ ਨਹੀਂ ਕੀਤਾ ਜਾਂਦਾ। ਇਸ ਦਾ ਭਾਵ ਇਹ ਹੋਇਆ ਕਿ ਇੰਗਲੈਂਡ, ਕੈਨੇਡਾ, ਅਫ਼ਰੀਕਾ, ਮਲਾਇਸ਼ੀਆ ਆਦਿ ਦੇਸ਼ਾਂ ਵਿਚ ਜਾ ਵਸੇ ਜਾਂ ਰਹਿੰਦੇ ਪੰਜਾਬੀ ਲੋਕਾਂ ਦੀਆਂ ਸੁਭਾਵਿਕ ਸਭਿਆ-ਚਾਰਕ ਲੋੜਾਂ ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਆਪਣੀ ਜ਼ੁੰਮੇਵਾਰੀ ਪਛਾਣਨ ਤੋਂ ਕਾਸਿਰ ਹੈ। ਇਹ ਲੋਕ ਪੰਜਾਬ, ਪੰਜਾਬੀ ਬੋਲੀ, ਆਪਣੀ ਪੰਜਾਬੀਅਤ ਤੋਂ ਜੇ ਟੁੱਟ ਜਾਣ ਤਾਂ ਇਸ ਵਿਚ ਕੀ ਹੈਰਾਨੀ ਹੈ। ਹੈਰਾਨੀ ਤਾਂ ਇਹ ਹੈ ਕਿ ਇਕ ਪੰਜਾਬੀ ਬੋਲੀ ਨਾਲ ਹੀ ਇਹ ਵਿਤਕਰਾ ਕਿਉਂ। ਇਹ ਹੀ ਹਾਲ ਉਨ੍ਹਾਂ ਪੰਜਾਬੀ ਲੋਕਾਂ ਦਾ ਵੀ ਹੈ ਜੋ ਲੱਖਾਂ ਦੀ ਗਿਣਤੀ ਵਿਚ ਹਰਿਆਣਾ, ਜੰਮੂ ਤੇ ਕਸ਼ਮੀਰ, ਹਿਮਾਚਲ, ਰਾਜਿਸਥਾਨ, ਉੱਤਰ ਪ੍ਰਦੇਸ਼ ਵਿਚ ਵਸਦੇ ਹਨ। ਇਸ ਕਿਸਮ ਦੀਆਂ ਹੋਰ ਅਨੇਕਾਂ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਭਾਰਤ ਸਰਕਾਰ ਦੀ ਪੰਜਾਬੀ ਵਿਰੋਧੀ ਨੀਤੀ ਦਾ ਇਸ ਤੋਂ ਵਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਭਾਵੇਂ ੧੯੫੧ ਤੇ ੧੯੬੧ ਦੀ ਮਰਦਮ ਸ਼ੁਮਾਰੀ ਵਿਚ ਪਾਕਿਸਤਾਨੀ ਪੰਜਾਬ ਦੇ ੯੪ ਫ਼ੀ ਸਦੀ ਲੋਕਾਂ ਨੇ ਅਤੇ ਪੱਛਮੀ ਪਾਕਿਸਤਾਨ, ਜੋ ਕਿ ਹੁਣ ਦਾ ਪਾਕਿਸਤਾਨ ਹੈ, ਦੇ ੬੪ ਫ਼ੀ ਸਦੀ ਲੋਕਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਵਾਈ ਹੈ, ਪਰ ਭਾਰਤੀ ਰੇਡੀਓ ਪਾਕਿਸਤਾਨ ਦੇ ਲੋਕਾਂ ਲਈ ਆਪਣਾ ਸਾਰਾ ਪ੍ਰਸਾਰਣ ਉਰਦੂ, ਸਿੰਧੀ, ਬਲੋਚੀ ਅਤੇ ਪਸ਼ਤੋ ਭਾਸ਼ਾ ਵਿਚ ਤਾਂ ਕਰਦਾ ਹੈ, ਪਰ ਪੰਜਾਬੀ ਵਿਚ ਨਹੀਂ। ਪੰਜਾਬੀ ਬੋਲੀ ਜਿਹੜੀ ਕਿ ਪਾਕਿਸਤਾਨੀ ਪੰਜਾਬ ਦੇ ਆਮ ਲੋਕਾਂ ਤੱਕ ਆਪਣਾ ਸੁਨੇਹਾ ਪਹੁੰਚਾਣ ਅਤੇ ਉਨ੍ਹਾਂ ਲੋਕਾਂ ਵਿਚ ਲੋਕ-ਰਾਜੀ ਲਹਿਰ ਨੂੰ ਤਕੜਿਆਂ ਕਰਨ ਲਈ ਇਕ ਸੁਭਾਵਿਕ ਮਾਧਿਅਮ ਸਿਧ ਹੋ ਸਕਦੀ ਹੈ, ਜਿਸ ਦੁਆਰਾ ਕਿ ਪਾਕਿਸਤਾਨ ਅਤੇ ਭਾਰਤ ਦੇ ਲੋਕਾਂ ਵਿਚਾਲੇ ਦੋਸਤੀ ਅਤੇ ਸ਼ਾਂਤੀ ਪੱਕੀ ਬਣਾਈ ਜਾ ਸਕਦੀ ਹੈ ਤਾਂ ਵੀ ਭਾਰਤ ਸਰਕਾਰ ਆਪਣੀ ਸੰਪਰਦਾਇਕਤਾ, ਪੱਖਪਾਤ ਦੇ ਦਬਾਉ ਹੇਠ ਇਸ ਬੋਲੀ ਨੂੰ ਇਸ ਦਾ ਯੋਗ ਸਥਾਨ ਦੇਣਾ ਤਾਂ ਕਿਤੇ ਰਿਹਾ, ਆਪਣੀ ਬਦੇਸ਼ੀ ਨੀਤੀ ਦੀ ਪਾਲਣਾ ਲਈ ਵੀ ਇਸ ਨੂੰ ਵਰਤਣ ਲਈ ਤਿਆਰ ਨਹੀਂ।

ਪੰਜਾਬੀ ਸਭਿਆਚਾਰ ਨੂੰ ਕੁਚਲਣ ਅਤੇ ਪੰਜਾਬੀ ਬੋਲੀ ਨੂੰ ਪੰਜਾਬੀ ਲੋਕਾਂ ਦੇ ਸਭਿਆਚਾਰਕ ਵਿਕਾਸ ਵਿਚ ਕੇਂਦਰੀ ਸਥਾਨ ਪ੍ਰਾਪਤ ਨਾ ਕਰਨ ਦੇਣ ਦੀ

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh

Digitized by Panjab Digital Library | www.panjabdigilib.org

ਸੋਚੀ ਸਮਝੀ ਸਾਜ਼ਸ਼ ਹੇਠ ਕੇਂਦਰੀ ਸਰਕਾਰ ਨੇ ਪੰਜਾਬ ਵਿਚ ਟੈਲੀਵੀਜ਼ਨ ਦਾ ਜਾਲ ਵਿਛਾਣ ਦਾ ਪ੍ਰਬੰਧ ਤਾਂ ਕਰ ਲਿਆ ਹੈ, ਪਰ ਪੰਜਾਬ ਵਿਚ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮ ਦਿੱਲੀ ਤੋਂ ਰੀਲੇ ਕੀਤੇ ਜਾਣਗੇ। ਪਹਿਲਾ ਵਿਤਕਰਾ ਤਾਂ ਇਹ ਹੈ ਕਿ ਬੰਬਈ ਅਤੇ ਸ੍ਰੀ ਨਗਰ ਤੋਂ ਤਾਂ ਮੌਲਿਕ ਪ੍ਰੋਗਰਾਮ ਪੇਸ਼ ਕੀਤੇ ਜਾਣ, ਪਰ ਪੰਜਾਬ ਲਈ ਪ੍ਰੋਗਰਾਮ ਦਿੱਲੀ ਤੋਂ ਰੀਲੇ ਕੀਤੇ ਜਾਣ। ਪਰ ਇਸ ਤੋਂ ਵੀ ਵਧੇਰੇ ਖ਼ਤਰਨਾਕ ਗੱਲ ਇਕ ਹੋਰ ਹੈ। ਉਹ ਇਹ ਕਿ ਸੁਭਾਵਿਕ ਹੀ ਹੈ ਕਿ ਦਿੱਲੀ ਤੋਂ ਰੀਲੇ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਭਾਸ਼ਾਈ ਮਾਧਿਅਮ ਮੁਖ ਰੂਪ ਵਿਚ ਹਿੰਦੀ ਹੋਵੇਗਾ। ਅਤੇ ਇਉਂ ਪੰਜਾਬੀ ਨੂੰ ਹੋਰ ਵੀ ਕੁਚਲਣ ਦਾ ਸਮਾਨ ਪੈਦਾ ਕੀਤਾ ਜਾ ਰਿਹਾ ਹੈ। ਜਿਹੜੇ ਲੋਕ ਮਾਸ-ਮੀਡੀਆ ਖ਼ਾਸ ਕਰ ਕੇ ਫ਼ਿਲਮ, ਰੇਡੀਓ ਤੇ ਟੈਲੀਵੀਜ਼ਨ ਦੀ ਸ਼ਕਤੀ ਨੂੰ ਜਾਣਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਨੂੰ ਕਿਵੇਂ ਇਕ ਜਾਤੀ ਦੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਨੂੰ ਮਲੀਆ ਮੇਟ ਕਰਨ ਲਈ ਵਰਤਿਆ ਜਾ ਸਕਦਾ ਹੈ। ਜੇ ਦਿੱਲੀ ਤੋਂ ਪੰਜਾਬੀ ਪ੍ਰੋਗਰਾਮ ਪੇਸ਼ ਕੀਤੇ ਜਾਣਗੇ ਤਾਂ ਕੀ ਉਹ ਪੰਜਾਬ ਦੀ ਧਰਤੀ ਦੀ ਸੁਗੰਧ ਅਤੇ ਪੰਜਾਬੀ ਸਭਿਆਚਾਰ ਦੀ ਅਲੌਕਿਕਤਾ ਨੂੰ ਬਰਕਰਾਰ ਰਖ ਸਕਣਗੇ। ਪਰ ਹੋਵੇਗਾ ਇਹ ਕਿ ਦਿੱਲੀ ਤੋਂ ਹਿੰਦੀ ਫ਼ਿਲਮਾਂ ਤੇ ਗਾਣਿਆਂ ਆਦਿ ਪ੍ਰੋਗਰਾਮ ਦੇ ਰਾਹੀਂ ਪੰਜਾਬੀ ਭਾਸ਼ੀ ਲੋਕਾਂ ਨੂੰ ਭਰਮਾ ਲਿਆ ਜਾਵੇਗਾ ਤੇ ਫਿਰ ਇਨ੍ਹਾਂ ਦੇ ਚਿੱਠੀ ਪੱਤਰ ਦੇ ਆਧਾਰ ਤੇ ਇਹ ਸਿਧ ਕਰ ਦਿਤਾ ਜਾਵੇਗਾ ਕਿ ਪੰਜਾਬੀ ਲੋਕ ਤਾਂ ਮੰਗਦੇ ਹੀ ਹਿੰਦੀ ਫ਼ਿਲਮਾਂ ਦੇ ਪ੍ਰਦਰਸ਼ਨ ਤੇ ਹਿੰਦੀ ਗਾਣਿਆਂ ਦੇ ਪ੍ਰਸਾਰਨ ਹਨ।

ਇਹ ਤੌਖ਼ਲਾ ਕੋਈ ਬੇ-ਬੁਨਿਆਦ ਨਹੀਂ। ਜਿਨ੍ਹਾਂ ਲੋਕਾਂ ਨੇ ਜਲੰਧਰ ਰੇਡੀਓ ਦੇ ਪੰਜਾਬੀ ਪ੍ਰੋਗਰਾਮਾਂ ਦਾ ਡੂੰਘਾ ਅਧਿਐਨ ਕੀਤਾ ਹੈ, ਉਹ ਜਾਣਦੇ ਹਨ ਕਿ ਕਿਵੇਂ ਇਨ੍ਹਾ ਪ੍ਰੋਗਰਾਮਾਂ ਦੁਆਰਾ ਵੀ ਹਿੰਦੀ ਫ਼ਿਲਮੀ ਗਾਣਿਆਂ ਦਾ ਹੀ ਪਰਚਾਰ ਕੀਤਾ ਜਾਂਦਾ ਹੈ। ਕਹਿਣ ਨੂੰ ਤਾਂ ਬੱਚਿਆਂ ਦਾ ਪ੍ਰੋਗਰਾਮ "ਬਾਲ ਵਾੜੀ" ਜਾਂ ਇਸਤਰੀਆਂ ਦਾ ਪ੍ਰੋਗਰਾਮ "ਤ੍ਰਿੰਜਣ" ਜਾਂ ਨੌਜਵਾਨਾਂ ਦਾ ਪ੍ਰੋਗਰਾਮ "ਯੁਵਕ ਬਾਣੀ" ਪੰਜਾਬੀ ਪ੍ਰੋਗਰਾਮ ਹਨ। ਪਰ ਇਨ੍ਹਾਂ ਪ੍ਰੋਗਰਾਮਾਂ ਵਿਚ ਵੀ ਅੱਧੇ ਤੋਂ ਵੀ ਵਧ ਸਮਾਂ ਹਿੰਦੀ ਨੂੰ ਅਤੇ ਫਿਰ ਗੀਤਾਂ ਦਾ ਲਗਪਗ ਸਾਰਾ ਸਮਾਂ ਹਿੰਦੀ ਫ਼ਿਲਮੀ ਗੀਤਾਂ ਨੂੰ ਦਿਤਾ ਜਾਂਦਾ ਹੈ। ਭਾਵ ਇਹ ਕਿ ਪੰਜਾਬੀ ਪ੍ਰੋਗਰਾਮ ਦੇ ਰੂਪ ਹੁੰਦੇ ਹੋਏ ਵੀ ਇਹ ਮੂਲ ਰੂਪ ਵਿਚ ਸਸਤੇ ਲੱਚਰ

Digitized by Panjab Digital Library | www.panjabdigilib.org

ਹਿੰਦੀ ਪ੍ਰੋਗਰਾਮ ਹੀ ਬਣੇ ਰਹਿੰਦੇ ਹਨ। ਤੇ ਜੇ ਇਸ ਦੇ ਨਾਲ ਇਸ ਰੇਡੀਓ ਦੀ ਇਸ ਨੀਤੀ ਨੂੰ ਵੀ ਸਾਹਮਣੇ ਰਖਿਆ ਜਾਵੇ ਕਿ ਹਿੰਦੀ ਨੂੰ ਕੇਵਲ ਹਿੰਦੂ ਧਰਮ ਦੀਆਂ ਅਤੇ ਹਿੰਦੀ ਭਾਸ਼ੀ ਲੋਕਾਂ ਦੀਆਂ ਹੀ ਧਾਰਮਕ ਤੇ ਸਾਂਸਕ੍ਰਿਤਿਕ ਉਮੰਗਾਂ ਨੂੰ ਪੇਸ਼ ਕਰਨ ਲਈ ਵਰਤਿਆ ਜਾਣਾ ਹੈ ਤਾਂ ਸਪੱਸ਼ਟ ਹੈ ਕਿ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਰੇਡੀਓ ਤੇ ਟੈਲੀਵੀਯਨ ਪਾਸੋਂ ਆਪਣੀ ਹੋਂਦ ਤਕ ਲਈ ਖ਼ਤਰਾ ਪੈਦਾ ਹੋ ਗਿਆ। ਚਾਹੀਦਾ ਤਾਂ ਇਹ ਸੀ ਕਿ ਭਾਰਤ ਸਰਕਾਰ ਦੀ ਅਗਵਾਈ ਹੇਠ ਰੇਡੀਓ, ਟੈਲੀਵੀਅਨ ਫ਼ਿਲਮ ਪ੍ਰੈੱਸ ਆਦਿ ਜਨਤਕ ਸੰਪਰਕ ਦੇ ਸਾਧਨਾਂ ਨੂੰ ਭਾਰਤ ਦੀਆਂ ਸਥਾਨਕ ਭਾਸ਼ਾਵਾਂ ਦੇ ਵਿਕਾਸ ਤੇ ਪੁਨਰ ਜਾਗਰਤੀ ਲਈ ਵਰਤਿਆ ਜਾਂਦਾ, ਪਰ ਹੋਇਆ ਇਸ ਦੇ ਬਿਲਕੁਲ ਉਲਟ ਹੈ। ਇਨ੍ਹਾਂ ਸਾਰੇ ਸਾਧਨਾਂ ਨੂੰ ਸਥਾਨਕ ਬੋਲੀਆਂ ਅਤੇ ਸਭਿਆਚਾਰਾਂ ਨੂੰ ਕੁਚਲਣ ਲਈ ਵਰਤਿਆ ਜਾ ਰਿਹਾ ਹੈ ਤਾਂ ਜੋ ਸਾਰੇ ਭਾਰਤ ਦੀ ਬਹੁਰੰਗੀ ਤੇ ਵਿਵਿਧਤਾ ਸਮਾਪਤ ਹੋ ਜਾਵੇ ਅਤੇ ਇਕੋ ਵੰਨਗੀ ਰੰਗ ਸਾਰਿਆਂ ਉਤੇ ਚੜ੍ਹ ਜਾਵੇ। ਪੰਜਾਬੀ ਨਾਲ ਦੂਜਿਆਂ ਨਾਲੋਂ ਵਿਤਕਰਾ ਇਸ ਲਈ ਵੀ ਵਧੇਰੇ ਹੈ ਕਿ ਪੰਜਾਬੀ ਵਿਰੁਧ ਇਕ ਧਾਰਮਕ ਪੱਖਪਾਤ ਵੀ ਵਰਤਿਆ ਜਾਂਦਾ ਹੈ। ਲੋੜ ਇਸ ਗੱਲ ਦੀ ਹੈ ਕਿ ਪੰਜਾਬੀ ਬੁਧੀਮਾਨ ਚੇਤੰਨ ਹੋ ਕੇ "ਮਾਸ-ਮੀਡੀਆ" ਦੇ ਪੰਜਾਬੀ ਬੋਲੀ ਤੇ ਸਭਿਆਚਾਰ ਵਲ ਘਾਤਕ ਰਵੱਈਏ ਵਿਰੁਧ ਅੰਦੋਲਨ ਚਲਾਣ, ਅਤੇ ਭਾਰਤ ਸਰਕਾਰ ਨੂੰ ਮਜਬੂਰ ਕਰ ਦੇਣ ਕਿ ਉਹ ਪੰਜਾਬੀਕੁਸ਼ ਨੀਤੀਆਂ ਨੂੰ ਤਿਆਗ ਦੇਵੇ। ਜੇ ਉਹ ਇਹ ਐਸਾ ਕਰਵਾ ਸਕਣ ਵਿਚ ਸਫਲ ਨਾ ਹੋਣ ਤਾਂ ਪੰਜਾਬੀ ਲੇਖਕਾਂ, ਕਲਾਕਾਰਾਂ ਅਤੇ ਅਧਿਆਪਕਾਂ, ਵਕਤਿਆਂ ਤੇ ਗੀਤਕਾਰਾਂ ਦੇ ਸਾਹਮਣੇ ਇਕੋ ਇਕ ਰਸਤਾ ਰਹਿ ਜਾਂਦਾ ਹੈ ਕਿ ਰੇਡੀਓ ਅਤੇ ਟੈਲੀਵੀਯਨ ਦਾ ਮੁਕੰਮਲ ਬਾਈਕਾਟ ਕਰ ਦੇਣ।

ਪੰਜਾਬ ਦੀ ਅੰਦਰਲੀ ਰਾਜਨੀਤੀ ਅਤੇ ਭਾਰਤ ਸਰਕਾਰ ਦੀ ਸਭਿਆਚਾਰਕ ਨੀਤੀ ਤੋਂ ਜਿਹੜੀਆਂ ਸਮੱਸਿਆਵਾਂ ਪੰਜਾਬੀ ਬੋਲੀ ਅਤੇ ਸਭਿਆਚਾਰ ਲਈ ਉਤਪੰਨ ਹੋ ਰਹੀਆਂ ਹਨ, ਉਨ੍ਹਾਂ ਦਾ ਸਮੁਚਾ ਸਿੱਟਾ ਹਿੰਦੀ ਨੂੰ ਪੰਜਾਬੀ ਦੇ ਟਾਕਰੇ ਤੇ ਖੜਿਆਂ ਕਰਨਾ ਤੇ ਖੜਿਆਂ ਰਖਣਾ ਹੈ। ਇਸ ਤੋਂ ਵਧ ਪੰਜਾਬੀ ਨਾਲ ਕੇਹਾ ਮਜ਼ਾਕ ਕੀ ਹੋ ਸਕਦਾ ਹੈ ਕਿ ਭਾਰਤ ਦੇ ਸੰਵਿਧਾਨ ਵਿਚ ਭਾਸ਼ਾਈ ਘਟਗਿਣਤੀਆਂ ਲਈ ਰਖੀਆਂ ਗਈਆਂ ਸੁਰੱਖਿਆਵਾਂ

Digitized by Panjab Digital Library | www.panjabdigilib.org

ਨੂੰ ਭਾਰਤ ਦੀ ਸੁਪਰੀਮ ਕੋਰਟ ਵਿਚ ਪਹਿਲੀ ਵਾਰ ਵਰਤਿਆ ਗਿਆ ; ਭਾਰਤ ਦੀ ਕਿਸੇ ਭਾਸ਼ਾਈ ਘਟ ਗਿਣਤੀ ਦੇ ਹੱਕਾਂ ਦੀ ਰੱਖਿਆ ਲਈ ਨਹੀਂ, ਸਗੋਂ ਪੰਜਾਬੀ ਦੇ ਵਿਰੁਧ ਹਿੰਦੀ ਦੀ ਰੱਖਿਆ ਲਈ। ਭਾਵੇਂ ਪੰਜਾਬ ਇਕੋ ਇਕ ਅਜਿਹਾ ਗੈਰ ਹਿੰਦੀ ਰਾਜ ਹੈ, ਜਿਸ ਵਿਚ ਹਿੰਦੀ ਬੋਲੀ ਨੂੰ ਰਾਸ਼ਟਰੀ ਭਾਸ਼ਾ ਦੇ ਤੌਰ ਤੇ ਸਵੀਕਾਰ ਕੀਤਾ ਗਿਆ ਹੈ ਅਤੇ ਭਾਵੇਂ ਭਾਰਤ ਸਰਕਾਰ ਦੇ ਸਿੱਖਿਆ ਵਿਭਾਗ ਦੀ ਨੀਤੀ ਅਧੀਨ ਗੈਰ ਹਿੰਦੀ ਰਾਜਾਂ ਵਿਚ ਹਿੰਦੀ ਦੀ ਲਾਜ਼ਮੀ ਪੜ੍ਹਾਈ ਛੇਵੀਂ ਜਮਾਤ ਤੋਂ ਸ਼ੁਰੂ ਕਰਨ ਦੀ ਹੈ, ਪਰ ਪੰਜਾਬ ਵਿਚ ਹਿੰਦੀ ਦੀ ਲਾਜ਼ਮੀ ਪੜ੍ਹਾਈ ਉਸ ਤੋਂ ਵੀ ਦੋ ਸਾਲ ਪਹਿਲਾਂ ਚੌਥੀ ਜਮਾਤ ਤੋਂ ਸ਼ੁਰੂ ਕਰਨ ਦੀ ਵਿਵਸਥਾ ਰਖੀ ਗਈ ਹੈ, ਤਾਂ ਵੀ ਭਾਰਤ ਦੀ ਸਰਕਾਰ, ਭਾਰਤ ਦੇ ਸੰਵਿਧਾਨ ਦੀ ਆੜ ਲੈ ਕੇ ਸਥਾਨਕ ਪੱਧਰ ਤੇ ਵੀ ਹਿੰਦੀ ਨੂੰ ਪੰਜਾਬੀ ਭਾਸ਼ਾ ਦੇ ਟਾਕਰੇ ਤੇ ਖੜਾ ਰਖਣਾ ਚਾਹੁੰਦੀ ਹੈ। ਭਾਵ ਇਹ ਕਿ ਪੰਜਾਬ ਵਿਚ ਵੀ ਕੁਝ ਅਜਿਹੇ ਲੋਕ ਹੋਣ ਜਿਨ੍ਹਾਂ ਨੂੰ ਕਿਸੇ ਪੱਧਰ ਤੇ ਵੀ ਰਾਜ ਭਾਸ਼ਾ ਪੰਜਾਬੀ ਵਿਚ ਨਾ ਸਿੱਖਿਆ ਪ੍ਰਾਪਤ ਕਰਨੀ ਪਵੇ ਨਾ ਕੋਈ ਸਰਕਾਰੀ ਕੰਮ-ਕਾਜ ਕਰਨਾ ਪਵੇ। ਇਸੇ ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਪੰਜਾਬ ਦੇ ਕਿਸੇ ਵੀ ਗੁਆਂਢੀ ਰਾਜ ਵਿਚ ਪੰਜਾਬੀ ਬੋਲੀ ਦੂਜੀ ਜਾਂ ਤੀਜੀ ਭਾਸ਼ਾ ਦੇ ਤੌਰ ਤੇ ਪੜ੍ਹਨ ਦੀ ਆਗਿਆ ਨਹੀਂ। ਭਾਵ ਇਹ ਹੋਇਆ ਕਿ ਪੰਜਾਬ ਵਿਚ ਪੰਜਾਬੀਆਂ ਨੂੰ ਹਿੰਦੂਆਂ ਤੇ ਸਿਖਾਂ ਵਿਚ ਵੰਡ ਕੇ ਰਖਿਆ ਜਾਵੇ ਅਤੇ ਇਉਂ ਪੰਜਾਬੀ ਬੋਲੀ ਨੂੰ ਉਸ ਦੇ ਇਕੋ ਇਕ ਰਾਜ ਭਾਸ਼ਾ ਹੋਣ ਅਤੇ ਪੰਜਾਬ ਰਾਜ ਦੇ ਕੰਮ ਕਾਜ ਵਿਚ ਸਰਵੁੱਚ ਹੋਣ ਦਾ ਦਰਜਾ ਪ੍ਰਾਪਤ ਕਰਨ ਦੇ ਰਸਤੇ ਵਿਚ ਰੋੜੇ ਅਟਕਾਏ ਜਾਣ। ਦੂਜੇ ਪਾਸੇ ਪੰਜਾਬ ਰਾਜ ਤੋਂ ਬਾਹਰ ਵਸਦੇ ਪੰਜਾਬੀਆਂ ਨੂੰ ਆਪਣੀ ਬੋਲੀ ਅਤੇ ਆਪਣੇ ਸਭਿਆਚਾਰ ਮੁਕੰਮਲ ਤੌਰ ਤੇ ਤਿਆਗਣ ਲਈ ਮਜਬੂਰ ਕੀਤਾ ਜਾਵੇ। ਤੇ ਤੀਜੇ ਪਾਸੇ ਰੇਡੀਓ ਤੇ ਟੈਲੀਵੀਯਨ ਦੇ ਸਾਧਨਾਂ ਨੂੰ ਵਰਤ ਕੇ ਪੰਜਾਬੀ ਲੋਕਾਂ ਨੂੰ ਆਪਣੀ ਬੋਲੀ ਦੇ ਨਿਰੋਏ ਸਭਿਆਚਾਰ ਅਤੇ ਨਿਰੋਈਆਂ ਪਰੰਪਰਾਵਾਂ ਤੋਂ ਦੂਰ ਕਰ ਕੇ ਹਿੰਦੀ ਫ਼ਿਲਮਾਂ ਆਦਿ, "ਕਿਸ਼ ਕਲਚਰ" ਦੀ ਲਪੇਟ ਵਿਚ ਵਲ੍ਹੇਟ ਦਿਤਾ ਜਾਵੇ। ਇਸ ਗੰਭੀਰ ਸਥਿਤੀ ਵਿਚ ਪੰਜਾਬੀ ਵਿਦਵਾਨਾਂ ਦਾ ਸਭ ਤੋਂ ਪਹਿਲਾ ਫ਼ਰਜ਼ ਇਹ ਬਣਦਾ ਹੈ ਕਿ ਆਪਣੇ ਲੋਕਾਂ ਨੂੰ ਉਸ ਮਿੱਠੀ ਜ਼ਹਿਰ ਦੇ ਮਾਰੂ ਨਤੀਜਿਆਂ ਤੋਂ ਜਾਣੂੰ ਕਰਾਉਣ ਜਿਹੜੀ ਉਨ੍ਹਾਂ ਨੂੰ ਫ਼ਿਲਮ, ਰੇਡੀਓ,

Digitized by Panjab Digital Library | www.panjabdigilib.org

ਟੈਲੀਵੀਯਨ ਆਦਿ ਰਾਹੀਂ ਪਿਲਾਈ ਜਾ ਰਹੀ ਹੈ, ਅਤੇ ਸਥਾਨਕ ਪੱਧਰ ਤੇ ਪੰਜਾਬੀ ਬੋਲੀ ਦੇ ਟਾਕਰੇ ਵਿਚ ਹਿੰਦੀ ਬੋਲੀ ਨੂੰ ਖੜਾ ਕਰਨ ਦੇ ਗੰਭੀਰ ਨਤੀਜਿਆਂ ਤੋਂ ਜਾਣੂ ਕਰਵਾਣ। ਪੰਜਾਬੀ ਨੂੰ ਸਿੱਖਾਂ ਨਾਲ ਜੋੜੀ ਰਖਣ ਅਤੇ ਇਸ ਵਿਰੁਧ ਵਿਤਕਰੇ ਭਰੀ ਨੀਤੀ ਅਪਣਾਈ ਰਖਣ ਦਾ ਸਭ ਤੋਂ ਪਹਿਲਾ ਨਤੀਜਾ ਤਾਂ ਇਹ ਹੋਵੇਗਾ ਕਿ ਪੰਜਾਬੀ ਕੌਮ ਹਿੰਦੂਆਂ ਤੇ ਸਿੱਖਾਂ ਵਿਚ ਵੰਡੀ ਰਹੇਗੀ। ਅਤੇ ਦੂਜਾ ਨਤੀਜਾ ਇਹ ਹੋਏਗਾ ਕਿ ਦੋਹਾਂ ਫਿਰਕਿਆਂ ਵਿਚ ਅਤ-ਵਾਦੀ ਸੰਪਰਦਾਇਕ ਅਨਸਰਾਂ ਨੂੰ ਸ਼ਹਿ ਮਿਲੇਗੀ। ਚਾਹੀਦਾ ਤਾਂ ਇਹ ਸੀ ਕਿ ਬੰਗਲਾ ਦੇਸ਼ ਦੀ ਲਹਿਰ ਤੇ ਸਥਾਪਨਾ ਤੋਂ ਭਾਰਤ ਸਰਕਾਰ ਦੀ ਕੇਂਦਰੀ ਲੀਡਰਸ਼ਿਪ ਕੁਝ ਸਬਕ ਗ੍ਰਹਿਣ ਕਰਦੀ। ਬੰਗਲਾ ਦੇਸ਼ ਦਾ ਸਭ ਤੋਂ ਪਹਿਲਾ ਸਬਕ ਇਹ ਸੀ ਕਿ ਕਿਸੇ ਵੀ ਜਾਤ ਦੀ ਸਥਾਨਕ ਭਾਸ਼ਾ ਤੇ ਕਲਚਰ ਨੂੰ ਕੁਚਲਣ ਦੀ ਨੀਤੀ ਕਿਸੇ ਵੀ ਰਾਜ ਵਿਵਸਥਾ ਲਈ ਘਾਤਕ ਸਿੱਧ ਹੋ ਸਕਦੀ ਹੈ। ਦੂਸਰਾ ਇਹ ਸੀ ਕਿ ਭਾਸ਼ਾ ਦਾ ਸੰਬੰਧ ਧਰਮ ਨਾਲ ਨਹੀਂ ਭਾਸ਼ਾ ਦਾ ਸਬੰਧ ਇਲਾਕੇ ਨਾਲ ਹੈ। ਜੇ ਇਨ੍ਹਾਂ ਦੋਹਾਂ ਗੱਲਾਂ ਨੂੰ ਪੰਜਾਬ ਉਤੇ ਲਾਗੂ ਕੀਤਾ ਜਾਵੇ ਤਾਂ ਕੇਵਲ ਹਿੰਦੂ ਹੋਣ ਦੇ ਨਾਤੇ ਹਿੰਦੀ ਭਾਸ਼ੀ ਬਣੇ ਲੋਕਾਂ ਨੂੰ ਮਜਬੂਰ ਹੋਣਾ ਪਵੇਗਾ ਕਿ ਉਹ ਆਪਣੀ ਮਾਤ ਭਾਸ਼ਾ ਨੂੰ ਅਪਨਾਉਣ। ਪੰਜਾਬੀ ਨੂੰ ਸਿੱਖਾਂ ਦੀ ਬੋਲੀ ਕਹਿ ਕੇ ਕੁਚਲਣ ਤੋਂ ਗੁਰੇਜ਼ ਕਰਨ। ਅਤੇ ਇਸ ਕਾਰਜ ਵਿਚ ਭਾਰਤ ਸਰਕਾਰ ਦਾ ਇਹ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੀ ਅਗਵਾਈ ਕਰੇ। ਜਦੋਂ ਮੈਂ ਇਸ ਸਿਲਸਿਲੇ ਵਿਚ ਮਜਬੂਰ ਕਰਨ ਦੀ ਗੱਲ ਕੀਤੀ ਹੈ ਤਾਂ ਮੇਰਾ ਸੰਕੇਤ ਉਤਨੇ ਕੁ ਜਬਰ ਵਲ ਹੈ ਜਿਤਨਾ ਹਰ ਰਾਜ ਵਿਵਸਥਾ ਦੇ ਅੰਤਰਗਤ ਸੁਭਾਵਕ ਹੀ ਹੁੰਦਾ ਹੈ। ਅਖੀਰ ਹਿੰਦੀ ਵੀ ਤਾਂ ਅਜਿਹੇ ਜਬਰ ਨਾਲ ਹੀ ਸਾਰੇ ਦੇਸ਼ ਪਾਸੋਂ ਰਾਸ਼ਟਰੀ ਭਾਸ਼ਾ ਦੇ ਰੂਪ ਵਿਚ ਮਨਵਾਈ ਜਾ ਸਕਦੀ ਹੈ। ਨਹੀਂ ਤਾਂ ਮਰਦਮ ਸ਼ੁਮਾਰੀ ਦੇ ਅੰਕੜੇ ਸਪੱਸ਼ਟ ਕਰ ਦਿੰਦੇ ਹਨ ਕਿ ਨਾ ਕੇਵਲ ਹਿੰਦੀ ਭਾਰਤੀਆਂ ਦੀ ਬਹੁ-ਗਿਣਤੀ ਭਾਸ਼ਾ ਨਹੀਂ ਹੈ ਸਗੋਂ ਹਰ ੧੦ ਸਾਲਾਂ ਬਾਅਦ ਆਪਣੇ ਆਪ ਨੂੰ ਹਿੰਦੀ ਭਾਸ਼ਾ ਲਿਖਾਉਣ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਘਟਦੀ ਜਾ ਰਹੀ ਹੈ। ਭਾਰਤ ਦੇ ਪ੍ਰਸਿਧ ਭਾਰਤ-ਸ਼ਾਸਤਰੀ ਡਾਕਟਰ ਰਾਹੁਲ ਸੰਕਰਤਾਯਨ ਨੇ ਭਾਰਤੀ ਗਣਰਾਜ ਦਾ ਵਿਧਾਨ ਅਪਣਾਏ ਜਾਣ ਸਮੇਂ ਅੱਜ ਤੋਂ ਤਕਰੀਬਨ ਚੌਥਾਈ ਸਦੀ ਪਹਿਲਾਂ ਇਹ ਤੌਖ਼ਲਾ ਪ੍ਰਗਟ ਕਰ ਦਿਤਾ ਸੀ ਕਿ ਸਮਾਂ ਬੀਤਣ

Digitized by Panjab Digital Library | www.panjabdigilib.org

ਨਾਲ ਹਿੰਦੀ ਰਾਜਾਂ ਦੇ ਅੰਤਰਗਤ ਵੀ ਸਥਾਨਕ ਭਾਸ਼ਾਵਾਂ ਨੂੰ ਅਪਨਾਉਣ ਦੀ ਲਹਿਰ ਉਠ ਖਲੋਵੇਗੀ। ਜੇ ਅੱਜ ਹਰ ਪਾਸੇ ਬਰਿਜ ਭਾਸ਼ਾ, ਰਾਜਸਥਾਨੀ, ਮੈਥਲੀ, ਭੋਜਪੁਰੀ ਆਦਿ ਬੋਲੀਆਂ ਨੂੰ ਸਾਹਿੱਤ ਅਕਾਡਮੀ ਲਈ ਪਰਵਾਨ ਕਰਾਉਣ, ਸੰਵਿਧਾਨ ਵਿਚ ਇਨ੍ਹਾਂ ਨੂੰ ਸ਼ਾਮਿਲ ਕਰਵਾਉਣ ਅਤੇ ਇਨ੍ਹਾਂ ਭਾਸ਼ਾਵਾਂ ਦੇ ਵੱਖਰੇ ਸੂਬੇ ਬਣਾਨ ਦੀਆਂ ਲਹਿਰਾਂ ਉਠ ਰਹੀਆਂ ਹਨ ਤਾਂ ਇਹ ਇਸ ਗੱਲ ਦਾ ਹੀ ਪ੍ਰਮਾਣ ਹੈ ਕਿ ਹਿੰਦੀ ਰਾਜਾਂ ਵਿਚ ਵੀ ਹਿੰਦੀ ਵਲੋਂ ਉਪਰਾਮਤਾ ਵਧ ਰਹੀ ਹੈ। ਇਸ ਦੇ ਕਈ ਕਾਰਨ ਹਨ, ਜਿਨ੍ਹਾਂ ਵਿਚ ਜਾਣ ਦਾ ਇਥੇ ਮੌਕਾ ਨਹੀਂ। ਪਰ ਮੋਟੀ ਗੱਲ ਇਹ ਕਿ ਹਿੰਦੀ ਲੋਕ ਭਾਸ਼ਾ ਨਾ ਹੋ ਕੇ ਕੁਲੀਨ ਭਾਸ਼ਾ ਬਣਦੀ ਜਾ ਰਹੀ ਹੈ ਅਤੇ ਇਸ ਦੇ ਵਿਕਾਸ ਦਾ ਵੱਡਾ ਅਸਰ ਲੋਕ ਭਾਸ਼ਾਵਾਂ ਨੂੰ ਕੁਚਲਣ ਦਾ ਨਿਕਲ ਰਿਹਾ ਹੈ। ਇਕ ਹੋਰ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਭਾਰਤ ਦੀ ਰਾਸ਼ਟਰੀ ਅਤੇ ਸਭਿਆਚਾਰਕ ਸਮੱਸਿਆ ਦੀ ਰੂਸ ਦੀ ਰਾਸ਼ਟਰੀ ਨਿਰਮਾਣ ਦੀ ਅਤੇ ਸਭਿਆਚਾਰਕ ਸਥਿਤੀ ਨਾਲ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਰੂਸੀ ਰਾਜ ਸੰਘ ਵਿਚ ਰੂਸੀ ਮਾਤ ਭਾਸ਼ਾ ਵਾਲੇ ਲੋਕਾਂ ਦੀ ਗਿਣਤੀ ੫੫ ਫ਼ੀ ਸਦੀ ਹੈ ਜਦੋਂ ਕਿ ਭਾਰਤ ਵਿਚ ਹਿੰਦੀ ਮਾਤ ਭਾਸ਼ੀ ਲੋਕਾਂ ਦੀ ਗਿਣਤੀ ੨੫ ਫ਼ੀ ਸਦੀ ਤੋਂ ਵਧ ਨਹੀਂ। ਦੂਜੀ ਗੱਲ ਇਹ ਹੈ ਕਿ ਰੂਸੀ ਰਾਜ ਸੰਘ ਵਿਚ ਰੂਸੀ ਕੌਮੀਅਤ ਬਾਕੀ ਸਭ ਕੌਮੀਅਤਾਂ ਨਾਲੋਂ ਵਧੇਰੇ ਗਿਣਤੀ ਵਿਚ ਹੀ ਨਹੀਂ ਸਗੋਂ ਆਰਥਿਕ, ਰਾਜਨੀਤਕ ਦੇ ਸਭਿਆਚਾਰਕ ਤੌਰ ਤੇ ਕਿਤੇ ਵਧੇਰੇ ਉੱਨਤ ਵੀ ਹੈ। ਜਦੋਂ ਕਿ ਭਾਰਤ ਵਿਚ ਹਿੰਦੀ ਭਾਸ਼ੀ ਇਲਾਕੇ ਭਾਰਤ ਦਾ ਆਰਥਿਕ ਤੇ ਸਭਿਆਚਾਰਕ ਤੌਰ ਤੇ ਸਭ ਤੋਂ ਵਧ ਪਛੜਿਆ ਹੋਇਆ ਇਲਾਕਾ ਹੈ। ਬੰਗਾਲ, ਮਦਰਾਸ, ਗੁਜਰਾਤ, ਕੇਰਲਾ, ਮਹਾਂਰਾਸ਼ਟਰ ਵਰਗੇ ਤਟਵਰਤੀ ਰਾਜ ਅਤੇ ਪੰਜਾਬ ਵਰਗਾ ਸੀਮਾਂਤ ਪ੍ਰਦੇਸ਼ ਇਸ ਇਲਾਕੇ ਨਾਲੋਂ ਆਰਥਕ ਤੇ ਸਭਿਆਚਾਕਰ ਤੌਰ ਤੇ ਕਿਤੇ ਵਧੇਰੇ ਉੱਨਤ ਹੈ। ਤੀਜੀ ਗੱਲ ਇਹ ਹੈ ਕਿ ਇਸ ਗੱਲ ਦੇ ਬਾਵਜੂਦ ਕਿ ਰੂਸ ਵਿਚ ਰੂਸੀ ਲੋਕ ਦੂਜੀਆਂ ਕੌਮੀਅਤਾਂ ਨਾਲੋਂ ਵਧੇਰੇ ਗਿਣਤੀ ਵਿਚ ਅਤੇ ਵਧੇਰੇ ਉਨਤ ਸਨ, ਤਾਂ ਵੀ ਉਥੇ ਛੋਟੀਆਂ ਕੌਮੀਅਤਾਂ ਅਤੇ ਸਭਿਆਚਾਰ ਉਤੇ ਰੂਸੀ ਕੌਮੀਅਤ ਦੇ ਸਭਿਆਚਾਰ ਨੂੰ ਠੋਸਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸਗੋਂ ਸਥਾਨਕ ਬੋਲੀਆ ਤੇ ਸਭਿਆਚਾਰਾਂ ਨੂੰ ਵਿਕਸਤ

Digitized by Panjab Digital Library | www.panjabdigilib.org

ਕਰਨ ਅਤੇ ਆਧੁਨਿਕ ਬਣਾਨ ਲਈ ਪ੍ਰੇਰਨਾ ਅਤੇ ਸਾਧਨ ਦਿਤੇ ਗਏ। ਇਸ ਦੇ ਟਾਕਰੇ ਤੇ ਹਿੰਦੀ ਕੌਮੀਅਤ ਭਾਰਤ ਦੀਆਂ ਦੂਜੀਆਂ ਕੌਮੀਅਤਾਂ ਜਿਵੇਂ ਕਿ ਬੰਗਾਲੀ, ਤਾਮਲੀ, ਕੇਰਲੀ, ਪੰਜਾਬੀ ਆਦਿ ਨਾਲ ਈਰਖਾ ਦੀ ਭਾਵਨਾ ਕਾਰਨ ਇਨ੍ਹਾਂ ਨੂੰ ਕੁਚਲਣ ਲਈ ਤਤਪਰ ਰਹੀ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਜੇ ਅੱਜ ਭਾਰਤ ਵਿਚ ਹਿੰਦੀ ਦੀ ਥਾਂ ਅੰਗਰੇਜ਼ੀ ਭਾਸ਼ਾ ਨੂੰ ਸੰਪਰਕ ਭਾਸ਼ਾ ਰਖਣ ਦੀ ਗੱਲ ਚਲ ਰਹੀ ਹੈ ਤਾਂ ਇਹ ਕੋਈ ਅਸੁਭਾਵਿਕ ਗੱਲ ਨਹੀਂ।

ਸਚੀ ਗੱਲ ਤਾਂ ਇਹ ਹੈ ਕਿ ਹਿੰਦੀ ਭਾਸ਼ਾ ਦੇ ਸਮਰਥਕਾਂ ਦੀ ਸੰਕੀਰਣਤਾ ਅਤੇ ਉਨ੍ਹਾਂ ਦੇ ਭਾਰਤ ਦੀਆਂ ਭਿੰਨ ਭਿਨ ਕੌਮੀਅਤਾਂ ਦੀਆਂ ਭਾਸ਼ਾਵਾਂ ਵਿਰੋਧੀ ਵਤੀਰੇ ਕਾਰਨ ਇਨ੍ਹਾਂ ਸਾਰੀਆਂ ਕੌਮੀਅਤਾਂ ਨੂੰ ਇਹ ਡਰ ਮਹਿਸੂਸ ਹੋਣ ਲਗ ਪਿਆ ਹੈ ਕਿ ਉਨ੍ਹਾਂ ਦੀਆਂ ਭਾਸ਼ਾਵਾਂ ਅਤੇ ਸਭਿਆਚਾਰਕ ਸ਼ਖਸੀਅਤਾਂ ਨੂੰ ਸਭ ਤੋਂ ਵੱਡਾ ਖ਼ਤਰਾ ਹਿੰਦੀ ਭਾਸ਼ਾ ਤੋਂ ਹੈ। ਹਿੰਦੀ ਭਾਸ਼ਾ ਨੇ ਦੋ ਪ੍ਰਮੁਖ ਪੱਖਾਂ ਤੋਂ ਇਕ ਰਾਸ਼ਟਰੀ ਸੰਪਰਕ ਭਾਸ਼ਾ ਵਜੋਂ ਆਪਣਾ ਰੋਲ ਨਿਭਾਣ ਤੋਂ ਸੰਕੋਚ ਕੀਤਾ ਹੈ। ਪਹਿਲੀ ਤਾਂ ਇਹ ਕਿ ਹਿੰਦੀ ਭਾਸ਼ਾ ਤਾਂ ਹੀ ਸੰਪਰਕ ਭਾਸ਼ਾ ਬਣ ਸਕਦੀ ਸੀ ਜੇ ਉਹ ਹਰ ਰਾਜ ਵਿਚ ਉਸ ਰਾਜ ਦੀ ਭਾਸ਼ਾ ਦੀ ਸਰਬ ਸ੍ਰੇਸ਼ਟਤਾ ਨੂੰ ਮੁਕਤ ਮਨ ਨਾਲ ਪ੍ਰਵਾਨ ਕਰਦੀ। ਦੂਜਾ ਕਿ ਹਿੰਦੀ ਭਾਸ਼ਾ ਸਾਰੇ ਦੇਸ਼ ਦੀਆਂ ਭਾਸ਼ਾਵਾਂ ਤੇ ਸਾਹਿਤਾਂ ਵਿਚਾਲੇ ਸਭਿਆਚਾਰਕ ਲੈਣ ਦੇਣ ਦੀ ਭਾਸ਼ਾ ਬਣਦੀ। ਕੇਵਲ ਤਾਂ ਹੀ ਇਹ ਸਾਰੀਆਂ ਭਾਰਤੀ ਭਾਸ਼ਾਵਾਂ ਮਿਲ ਕੇ ਹਿੰਦੀ ਭਾਸ਼ਾ ਦੀ ਪਿੱਠ ਪਿਛੇ ਡਟ ਕੇ ਖਲੋ ਸਕਦੀਆਂ ਸਨ ਅਤੇ ਅੰਗਰੇਜ਼ੀ ਭਾਸ਼ਾ ਦੇ ਟਾਕਰੇ ਤੇ ਇਸ ਦੀ ਪ੍ਰੌੜ੍ਹਤਾ ਕਰ ਸਕਦੀਆਂ ਸਨ। ਪਰ ਹੋਇਆ ਇਸ ਦੇ ਬਿਲਕੁਲ ਉਲਟ। ਅੰਗਰੇਜ਼ੀ ਭਾਸ਼ਾ ਨੇ ਭਾਰਤ ਉਤੇ ਰਾਜ ਕਰਨ ਵਾਲੇ ਜਿਸ ਕੁਲੀਨ ਵਰਗ ਨੂੰ ਇਕ ਬਨਾਵਟੀ ਏਕਤਾ ਦਾ ਅਹਿਸਾਸ ਦਿਤਾ ਹੋਇਆ ਸੀ, ਹਿੰਦੀ ਭਾਸ਼ਾ ਉਸ ਦਾ ਵਿਸ਼ਵਾਸ ਜਿੱਤਣ ਵਿਚ ਅਸਫਲ ਰਹੀ ਤੇ ਇਸ ਲਈ ਉਸ ਨੂੰ ਉਪਰਲੇ ਸ਼ਾਸਕ ਕੁਲੀਨ ਵਰਗ ਨੇ ਪਰਵਾਨ ਨਹੀਂ ਕੀਤਾ। ਇਸ ਲਈ ਹਿੰਦੀ ਦੇ ਸਮਰਥਕਾਂ ਨੇ ਇਸ ਉਪਰਲੇ ਸ਼ਾਸਕ ਵਰਗ ਅਤੇ ਆਮ ਲੋਕਾਂ ਦੇ ਵਿਚਾਲੇ ਮਧ-ਕੁਲੀਨ ਵਰਗ ਦੀ ਭਾਸ਼ਾ ਬਣਨ ਦੀ ਠਾਣ ਲਈ। ਭਾਵ ਇਹ ਕਿ ਅੰਗਰੇਜ਼ੀ ਭਾਸ਼ਾ ਕੇਂਦਰੀ ਹਾਕਮਾਂ, ਸੁਪਰੀਮ ਕੋਰਟ ਤੇ ਹਾਈਕੋਰਟਾਂ ਤੇ ਅੰਤਰ-ਭਾਰਤੀ ਕਾਰ ਵਿਹਾਰ ਦੀ ਭਾਸ਼ਾ ਹੋਵੇ। ਹਿੰਦੀ ਆਮ ਸ਼ਹਿਰੀ ਲੋਕਾਂ, ਫ਼ਿਲਮਾਂ, ਰੇਡੀਓ, ਸਾਹਿਤ ਆਦਿ ਦੀ ਭਾਸ਼ਾ

Digitized by Panjab Digital Library | www.panjabdigilib.org

ਬਣੇ, ਅਤੇ ਬਾਕੀ ਭਾਸ਼ਾਵਾਂ ਕੇਵਲ ਪੇਂਡੂ ਲੋਕਾਂ ਦੀਆਂ ਭਾਸ਼ਾਵਾਂ ਬਣ ਕੇ ਰਹਿ ਜਾਣ। ਕਿਉਂਕਿ ਹਿੰਦੀ ਅੰਗਰੇਜ਼ੀ ਭਾਸ਼ਾ ਦੇ ਟਾਕਰੇ ਵਿਚ ਘਟੀਆਪਨ ਦੇ ਅਹਿਸਾਸ ਦੀ ਮਾਰੀ ਹੋਈ ਸੀ, ਇਸ ਲਈ ਆਪਣੇ ਫੈਲਾਉ ਲਈ ਉਸ ਨੇ ਬਾਕੀ ਰਾਸ਼ਟਰੀ ਭਾਸ਼ਾਵਾਂ ਨੂੰ ਕੁਚਲਣ ਦੀ ਨੀਤੀ ਅਪਣਾਈ।

ਹਰ ਰਾਜ ਵਿਚ ਹਿੰਦੀ ਨੂੰ ਸਥਾਨਕ ਭਾਸ਼ਾ ਦੇ ਟਾਕਰੇ ਤੇ ਖੜਾ ਕਰਨ ਦੀ ਨੀਤੀ ਦਾ ਸਿੱਟਾ ਇਹ ਨਿਕਲਿਆ ਕਿ ਹਿੰਦੀ ਦੇ ਸਮਰਥਕਾਂ ਨੇ ਇਨ੍ਹਾਂ ਭਾਸ਼ਾਵਾਂ ਦੇ, ਆਪਣੇ ਆਪਣੇ ਰਾਜਾਂ ਵਿਚ ਰਾਜ ਪ੍ਰਬੰਧ ਅਤੇ ਉਚੀ ਤੋਂ ਉਚੀ ਸਿਖਿਆ ਦੀ ਇਕੋ ਇਕ ਭਾਸ਼ਾ ਬਣਨ ਦੇ ਰਸਤੇ ਵਿਚ ਅੜਿੱਕੇ ਪੈਦਾ ਕਰਨੇ ਸ਼ੁਰੂ ਕੀਤੇ। ਕੁਦਰਤੀ ਗੱਲ ਸੀ ਕਿ ਹਿੰਦੀ ਦੀ ਇਸ ਨੀਤੀ ਨੂੰ ਵੇਖ ਕੇ ਬਾਕੀ ਭਾਸ਼ਾਵਾਂ ਵਿਚ ਹਿੰਦੀ ਦੇ ਵਿਰੁਧ ਬੇ-ਪ੍ਰਤੀਤੀ ਦਾ ਜਜ਼ਬਾ ਪੈਦਾ ਹੋ ਜਾਂਦਾ। ਸੋਈ ਹੋਇਆ। ਸਵਰਗੀ ਸ੍ਰੀ ਰਾਜਗੋਪਾਲਾਚਾਰੀਆ ਜੋ ੧੯੫੦ ਤਕ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਨ ਦੇ ਸਮਰਥਕ ਸਨ ਇਸੇ ਹੀ ਕਾਰਨ ਹਿੰਦੀ ਦੇ ਵਿਰੋਧੀ ਅਤੇ ਅੰਗਰੇਜ਼ੀ ਭਾਸ਼ਾ ਦੇ ਸਮਰਥਕ ਬਣ ਗਏ; ਅਜਿਹੇ ਹੀ ਦਬਾਉ ਹੇਠ ਤਾਮਿਲਨਾਡੂ ਵਿਚ ਹਿੰਦੀ ਨੂੰ ਲਗਭਗ ਖਤਮ ਕਰ ਦਿਤਾ ਗਿਆ। ਹਿੰਦੀ ਭਾਸ਼ਾ ਦੇ ਵਿਰੁਧ ਤਕਰੀਬਨ ਇਹੋ ਜਿਹੇ ਤੌਖਲੇ ਹੋਰ ਰਾਜਾਂ ਦੀਆਂ ਭਾਸ਼ਾਵਾਂ ਵਿਚ ਵੀ ਮੌਜੂਦ ਹਨ। ਪਰੰਤੂ ਹੋਰ ਰਾਜਾਂ ਦੇ ਟਾਕਰੇ ਤੇ ਪੰਜਾਬ ਦੀ ਸਥਿਤੀ ਵਧੇਰੇ ਗੁੰਝਲਦਾਰ ਇਸ ਲਈ ਹੈ ਕਿ ਪੰਜਾਬੀ ਲੋਕਾਂ ਦਾ ਇਕ ਧੜਾ ਸੰਪਰਦਾਇਕ ਪ੍ਰੇਰਨਾਵਾਂ ਉਤੇ ਰਾਸ਼ਟਰਵਾਦੀ ਭਾਵਨਾਵਾਂ ਦਾ ਭੇਖ ਚੜ੍ਹਾ ਕੇ ਆਪਣੇ ਪੰਜਾਬੀ ਦੇ ਵਿਰੋਧ ਨੂੰ ਹਿੰਦੀ ਦੇ ਪ੍ਰੇਮ ਦਾ ਰੂਪ ਦਿੰਦਾ ਹੈ।

ਹਿੰਦੀ ਨੇ, ਗੁਪਤ ਤੇ ਪਰਗਟ ਰੂਪ ਵਿਚ, ਸਥਾਨਕ ਭਾਸ਼ਾਵਾਂ ਦੀ ਅਹਿ-ਮੀਅਤ ਨੂੰ ਨਾ ਬਣਨ ਦੇਣ ਤੇ ਜਾਂ ਬਣੀ ਹੋਈ ਅਹਿਮੀਅਤ ਨੂੰ ਘਟਾਣ ਦੇ ਜਿਹੜੇ ਯਤਨ ਕੀਤੇ ਉਸ ਨਾਲ ਹਿੰਦੀ ਤੇ ਇਨ੍ਹਾਂ ਭਾਸ਼ਾਵਾਂ ਵਿਚਾਲੇ ਇਕ ਕਸ਼ਮਕਸ਼ ਦੀ ਸਥਿਤੀ ਪੈਦਾ ਹੋ ਗਈ। ਇਸ ਗੱਲ ਦਾ ਸਭ ਤੋਂ ਵੱਡਾ ਲਾਭ ਅੰਗਰੇਜ਼ੀ ਭਾਸ਼ਾ ਨੂੰ ਹੋਇਆ ਹੈ। ਇਹ ਠੀਕ ਹੈ ਕਿ ਅੰਗਰੇਜ਼ੀ ਭਾਸ਼ਾ ਨੂੰ ਦੇਸ਼ ਨਿਕਾਲਾ ਦਿਤੇ ਬਿਨਾ ਭਾਰਤ ਦੀਆਂ ਸਥਾਨਕ ਭਾਸ਼ਾਵਾਂ ਪੂਰੀ ਤਰ੍ਹਾਂ ਵਿਕਸਤ ਨਹੀਂ ਹੋ ਸਕਦੀਆਂ। ਪਰ ਇਹ ਵੀ ਠੀਕ ਹੈ ਕਿ ਸਥਾਨਕ ਭਾਸ਼ਾਵਾਂ ਅੰਗਰੇਜ਼ੀ ਨੂੰ ਕਢ ਕੇ ਹਿੰਦੀ ਭਾਸ਼ਾ ਦੀ ਗੁਲਾਮੀ ਸਵੀਕਾਰ ਕਰਨ ਨੂੰ ਤਿਆਰ ਨਹੀਂ। ਹਿੰਦੀ ਭਾਰਤਵਰਸ਼ ਵਿਚ ਅੰਗਰੇਜ਼ੀ ਦੀ ਥਾਂ ਤਾਂ ਹੀ ਲੈ ਸਕਦੀ ਹੈ ਜੇ ਉਹ

Digitized by Panjab Digital Library | www.panjabdigilib.org

ਮੁਕਤ ਮਨ ਨਾਲ ਹਰ ਰਾਜ ਦੇ ਅੰਤਰਗਤ ਉੱਚੇ ਤੋਂ ਉੱਚੇ ਦਰਜੇ ਤਕ ਰਾਜ ਪ੍ਰਬੰਧ ਅਤੇ ਸਿਖਿਆ ਦੀ ਭਾਸ਼ਾ ਉਸ ਰਾਜ ਦੀ ਭਾਸ਼ਾ ਨੂੰ ਬਣਨ ਦੀ ਖੁਲ੍ਹ ਦੇਵੇ। ਨਹੀਂ ਤਾਂ ਸਥਾਨਕ ਭਾਸ਼ਾਵਾਂ ਹਿੰਦੀ ਤੋਂ ਬਚਣ ਲਈ ਅੰਗਰੇਜ਼ੀ ਦੀਆਂ ਸਮਰਥਕ ਬਣੀਆਂ ਰਹਿਣਗੀਆਂ। ਇਸ ਦੇ ਨਾਲ ਹੀ ਰਾਸ਼ਟਰੀ ਭਾਸ਼ਾ ਬਣਨ ਲਈ ਹਿੰਦੀ ਨੂੰ ਇਹ ਨੀਤੀ ਵੀ ਤਿਆਗਣੀ ਪਵੇਗੀ ਕਿ ਕੇਵਲ ਹਿੰਦੀ ਭਾਸ਼ਾ ਦੇ ਸਾਹਿਤ ਨੂੰ ਹੀ ਸੰਸਾਰ ਦੇ ਸਾਹਮਣੇ ਰਾਸ਼ਟਰੀ ਸਾਹਿੱਤ ਦੇ ਰੂਪ ਵਿਚ ਪੇਸ਼ ਕੀਤਾ ਜਾਵੇ; ਹਿੰਦੀ ਸਾਹਿਤਕਾਰਾਂ ਨੂੰ ਹੀ ਭਾਰਤ ਦੇ ਸਾਹਿਤਕਾਰਾਂ ਦਾ ਪ੍ਰਤੀਨਿਧ ਸਮਝਿਆ ਜਾਵੇ। ਭਾਸ਼ਾ ਦੇ ਨਾਲ ਨਾਲ ਹਿੰਦੀ ਸਾਹਿੱਤ ਦਾ ਭਾਰਤ ਦੇ ਦੂਜੇ ਸਾਹਿਤਾਂ ਨਾਲ ਨਾ-ਬਰਾਬਰੀ ਦਾ ਵਰਤਾਉ ਵੀ ਹਿੰਦੀ ਭਾਸ਼ਾ ਵਿਰੁਧ ਬੇ-ਪ੍ਰਤੀਤੀ ਪੈਦਾ ਕਰਦਾ ਹੈ। ਚਾਹੀਦਾ ਤਾਂ ਇਹ ਹੈ ਕਿ ਹਿੰਦੀ ਭਾਸ਼ਾ, ਭਿੰਨ ਭਿੰਨ ਭਾਰਤੀ ਸਾਹਿਤਾਂ ਦੇ ਵਿਚਾਲੇ ਸਾਹਿੱਤਕ ਐਕਸਚੇਂਜ ਦੀ ਭਾਸ਼ਾ ਬਣੇ। ਭਾਵ ਇਹ ਕਿ ਕੋਈ ਵੀ ਚੰਗੀ ਪੁਸਤਕ ਜਦੋਂ ਕਿਸੇ ਇਕ ਭਾਸ਼ਾ ਵਿਚ ਉਤਪੰਨ ਹੋਵੇ ਤਾਂ ਉਹ ਫ਼ੌਰਨ ਹਿੰਦੀ ਭਾਸ਼ਾ ਵਿਚ ਅਨੁਵਾਦ ਹੋ ਕੇ ਸਾਰੇ ਦੇਸ਼ ਵਿਚ ਪਹੁੰਚ ਜਾਵੇ ਤਾਂ ਜੋ ਅਗੋਂ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਵਿਚ ਉਸ ਦਾ ਅਨੁਵਾਦ ਤਤਕਾਲ ਹੋ ਸਕੇ। ਇਸ ਦੇ ਨਾਲ ਹੀ ਹਿੰਦੀ ਭਾਸ਼ੀ ਲੋਕ, ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਦੇ ਲੋਕਾਂ ਦੀ ਸਦਭਾਵਨਾ ਤਾਂ ਹੀ ਲੈ ਸਕਦੇ ਹਨ ਜੇ ਉਹ ਹਿੰਦੀ ਭਾਸ਼ੀ ਰਾਜਾਂ ਵਿਚ ਹਿੰਦੀ ਦੇ ਨਾਲ ਨਾਲ ਦੂਜੀਆਂ ਭਾਸ਼ਾਵਾਂ ਦੇ ਸਾਹਿਤਾਂ ਅਤੇ ਸਭਿਆਚਾਰਾਂ ਵਿਚ ਵੀ ਦਿਲਚਸਪੀ ਜਗਾਣ ਅਤੇ ਉਨ੍ਹਾਂ ਦੀ ਸੀਖਿਆ ਦੀਖਿਆ ਦਾ ਪਰਬੰਧ ਕਰਨ। ਐਸਾ ਹੋ ਸਕਣਾ ਨੇੜ ਭਵਿਖ ਵਿਚ ਤਾਂ ਸੰਭਵ ਪਰਤੀਤ ਨਹੀਂ ਹੁੰਦਾ। ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਸਾਧਕ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਤੇ ਸਮਰਥਕਾਂ ਨਾਲ ਸੰਪਰਕ ਪੈਦਾ ਕਰਕੇ ਹਿੰਦੀ ਭਾਸ਼ਾ ਦੇ ਅਮਰਵੇਲ ਵਾਲੇ ਮਾਰੂ ਪਰਭਾਵ ਤੋਂ ਬਚਣ ਦਾ ਹੀਲਾ ਕਰਨ।

ਅੰਗਰੇਜ਼ੀ ਨੂੰ ਦੇਸ਼ ਵਿਚੋਂ ਕੱਢਣ ਦੀ ਗੱਲ ਤੋਂ ਕੁਝ ਲੋਕਾਂ ਨੂੰ ਜ਼ਰੂਰ ਚਿੰਤਾ ਹੋ ਸਕਦੀ ਹੈ। ਹੋ ਸਕਦਾ ਹੈ ਇਥੇ ਚੀਨ ਦੀ ਮਿਸਾਲ ਦੇਣੀ ਉਚਿਤ ਨਾ ਹੋਵੇ। ਚੀਨ ਵਿਚ ਇਨਕਲਾਬ ਤੋਂ ਪਿਛੋਂ ਇਕ ਦਿਨ ਵਿਚ ਚੀਨ ਦੇ ਸਿਖਿਆ ਪ੍ਰਬੰਧ ਵਿਚੋਂ ਅੰਗਰੇਜ਼ੀ ਨੂੰ ਕੱਢ ਦਿਤਾ ਗਿਆ ਅਤੇ ਇਸ ਦੇ ਬਾਵਜੂਦ ਚੀਨ ਨੇ ੨੫ ਵਰ੍ਹਿਆਂ ਦੇ ਅੰਦਰ ਅੰਦਰ ਸੰਸਾਰ ਦੀਆਂ ਉੱਨਤ ਤੋਂ ਉੱਨਤ

Digitized by Panjab Digital Library | www.panjabdigilib.org

ਭਾਸ਼ਾਵਾਂ ਦੇ ਟਾਕਰੇ ਵਿਚ ਵਿਗਿਆਨਕ ਤੇ ਸਭਿਆਚਾਰਕ ਪ੍ਰਾਪਤੀਆ ਕਰ ਲਈਆਂ। ਤਾਂ ਵੀ ਅੰਗਰੇਜ਼ਾਂ ਦਾ ਸਾਮਰਾਜ ਮੁਕਣ ਤੋਂ ਪਿਛੋਂ ਵੀ ਭਾਰਤ ਵਿਚ ਅੰਗਰੇਜ਼ੀ ਦਾ ਸਾਮਰਾਜ ਬਣਿਆ ਰਹਿਣਾ ਸਮਝ ਵਿਚ ਨਹੀਂ ਆਉਂਦਾ। ਭਾਰਤ ਵਰਸ਼ ਵਿਚ ਜੋ ਕੋਈ ਲੋਕ-ਪਖੀ ਸਿਖਿਆ ਪ੍ਰਣਾਲੀ ਬਣੇਗੀ ਉਸ ਵਿਚ ਅੰਗਰੇਜ਼ੀ ਨੂੰ ਕੇਂਦਰੀ ਸਥਾਨ ਨਹੀਂ ਦਿਤਾ ਜਾ ਸਕੇਗਾ। ਅੰਗਰੇਜ਼ੀ ਭਾਸ਼ਾ ਭਾਰਤ ਦੇ ਸਿਖਿਆ, ਸਭਿਆਚਾਰ ਤੇ ਸ਼ਾਸਨ ਉਤੇ ਕਾਬਜ਼ ਕੁਲੀਨ ਵਰਗ ਦੀ ਭਾਸ਼ਾ ਹੈ। ਅਤੇ ਜਮਹੂਰੀ ਇਨਕਲਾਬ ਦਾ ਤਕਾਜ਼ਾ ਹੈ ਕਿ ਇਨ੍ਹਾਂ ਸਾਰੇ ਖੇਤਰਾਂ ਵਿਚ ਇਸ ਵਰਗ ਦੇ ਜੱਫੇ ਨੂੰ ਖ਼ਤਮ ਕੀਤਾ ਜਾਵੇ। ਅੰਗਰੇਜ਼ੀ ਭਾਸ਼ਾ ਭਾਰਤ ਜਾਂ ਇਸ ਦੇ ਕਿਸੇ ਰਾਜ ਵਿਚ ਰਾਜ ਪ੍ਰਬੰਧ ਜਾਂ ਸਿਖਿਆ ਦੀ ਭਾਸ਼ਾ ਹੋਵੇ ਇਹ ਗੱਲ ਜਮਹੂਰੀ ਇਨਕਲਾਬ ਦੇ ਅਸੂਲਾਂ ਦੇ ਵਿਰਧ ਹੈ। ਹਾਂ, ਭਾਰਤ ਵਿਚ ਅੰਗਰੇਜ਼ੀ ਦੀ ਇਕ ਬਦੇਸ਼ੀ ਭਾਸ਼ਾ ਦੇ ਤੌਰ ਤੇ ਪੜ੍ਹਾਈ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਪਰ ਉਸ ਸੂਰਤ ਵਿਚ ਅੰਗਰੇਜ਼ੀ ਹੀ ਕਿਉਂ ? ਉਸ ਦੇ ਨਾਲ ਨਾਲ ਘਟੋ ਘਟ ਰੂਸੀ, ਚੀਨੀ, ਫ਼ਰਾਂਸੀਸੀ, ਜਰਮਨੀ, ਸਪੇਨੀ, ਅਰਬੀ ਆਦਿ ਭਾਸ਼ਾਵਾਂ ਦਾ ਅਧਿਅਨ ਵੀ ਕੀਤਾ ਜਾਣਾ ਚਾਹੀਦਾ ਹੈ।

ਜਿਹੜੇ ਲੋਕ ਇਹ ਸਮਝਦੇ ਹਨ ਕਿ ਅੰਗਰੇਜ਼ੀ ਨੂੰ ਇਸ ਦੇਸ਼ ਵਿਚ ਰਖਣਾ ਇਸ ਲਈ ਜ਼ਰੂਰੀ ਹੈ ਕਿ ਇਸ ਦੁਆਰਾ ਸਾਡਾ ਸੰਸਾਰ ਦੇ ਗਿਆਨ ਸਾਹਿੱਤ ਨਾਲ ਸੰਬੰਧ ਜੁੜਦਾ ਹੈ ਉਨ੍ਹਾਂ ਦੀ ਸੋਚ ਵਿਚ ਭਾਰਤ ਦੀਆਂ ਸਾਡੀਆਂ ਭਾਸ਼ਾਵਾਂ ਦਾ ਕੰਮ ਕੇਵਲ ਬਾਹਰੋਂ ਮਾਂਗਵੇਂ ਲਏ ਗਿਆਨ ਨੂੰ ਪਛੜੇ ਹੋਏ ਲੋਕਾਂ ਤੱਕ ਪਹੁੰਚਾਣਾ ਹੀ ਹੈ, ਨਵਾਂ ਗਿਆਨ ਪੈਦਾ ਕਰਨ ਦਾ ਨਹੀਂ। ਇਹ ਸਾਰੀ ਸੋਚ ਜ਼ਿਹਨੀ ਗ਼ੁਲਾਮੀ ਦਾ ਪਤਾ ਦੇਂਦੀ ਹੈ ਜਿਹੜੀ ਦੇਸ਼ ਦੇ ਆਜ਼ਾਦ ਹੋਣ ਪਿਛੋਂ ਵੀ ਅਜੇ ਤੱਕ ਸਾਡੇ ਉਪਰਲੇ ਵਰਗ ਦੇ ਲੋਕਾਂ ਦੇ ਦਿਲ ਦਿਮਾਗ਼ ਉਤੇ ਛਾਈ ਹੋਈ ਹੈ। ਇਸ ਸੰਬੰਧ ਵਿਚ ਦੋ ਗੱਲਾਂ ਸਪੱਸ਼ਟ ਰੂਪ ਵਿਚ ਸਮਝ ਲੈਣੀਆਂ ਚਾਹੀਦੀਆਂ ਹਨ। ਪਹਿਲੀ ਇਹ ਕਿ ਅੰਗਰੇਜ਼ੀ ਭਾਰਤ ਵਰਸ਼ ਵਿਚ ਆਧੁਨਿਕਤਾ ਦਾ ਹੀ ਮਾਧਿਅਮ ਨਹੀਂ ਭਾਰਤ ਵਿਚ ਇਹ ਭਾਸ਼ਾ ਪੱਛਮੀਕਰਨ ਦੀ ਭਾਸ਼ਾ ਹੈ। ਭਾਰਤ ਦੇ ਸਭਿਆਚਾਰ ਨੂੰ ਆਧੁਨਿਕ ਬਣਾਣ ਦਾ ਮਤਲਬ ਭਾਰਤ ਦੇ ਸਭਿਆਚਾਰ ਦਾ ਅੰਨ੍ਹਾ ਪੱਛਮੀਕਰਨ ਹੀ ਨਹੀਂ ਹੋਣ ਚਾਹੀਦਾ। ਅਤੇ ਦੂਜੀ ਇਹ ਕਿ ਭਾਰਤ ਦੇ ਸਭਿਆਚਾਰ ਨੂੰ ਆਧੁਨਿਕ ਵਿਗਿਆਨਕ ਯੁਗ ਵਿਚ ਲਿਜਾਣ ਦਾ ਕਾਰਜ ਭਾਰਤੀ ਭਾਸ਼ਾਵਾਂ ਨੂੰ ਅੱਜ ਦੇ ਯੁਗ ਦੀਆਂ

Digitized by Panjab Digital Library | www.panjabdigilib.org

ਲੋੜਾਂ ਦੇ ਅਨੁਕੂਲ ਸੰਸਾਰਕ, ਵਿਗਿਆਨਕ ਤੇ ਆਧੁਨਿਕ ਭਾਸ਼ਾਵਾਂ ਬਣਾਨ ਨਾਲ ਹੀ ਨੇਪਰੇ ਚੜ੍ਹੇਗਾ। ਨਹੀਂ ਤਾਂ ਭਾਰਤ ਪੱਛਮ ਦੀ ਕੋਝੀ ਨਕਲ ਬਣ ਕੇ ਰਹਿ ਜਾਵੇਗਾ। ਇਨ੍ਹਾਂ ਭਾਸ਼ਾਵਾਂ ਦੀ ਉੱਨਤੀ ਲਈ ਜ਼ਰੂਰੀ ਹੈ ਕਿ ਇਨ੍ਹਾਂ ਭਾਸ਼ਾਵਾਂ ਵਿਚ ਵਿਗਿਆਨ, ਵਿਗਿਆਨਕ ਵਿਚਾਰਧਾਰਾ ਅਤੇ ਵਿਗਿਆਨਕ ਗਿਆਨ ਪ੍ਰਣਾਲੀ ਦੇ ਆਧਾਰ ਤੇ ਸ਼ਕਤੀਸ਼ਾਲੀ ਬੌਧਿਕ ਪਰੰਪਰਾਵਾਂ ਉਸਾਰੀਆਂ ਜਾਣ। ਸੰਸਾਰਕ ਭਾਸ਼ਾ ਬਣਾਉਣ ਦਾ ਮਤਲਬ ਇਹ ਹੈ ਕਿ ਇਨ੍ਹਾਂ ਭਾਸ਼ਾਵਾਂ ਵਿਚ ਧਾਰਮਕ ਮਧ-ਕਾਲੀਨ ਅੰਧ-ਪੰਥੀ ਪਰੰਪਰਾ-ਪੂਜ ਤਾਕਤਾਂ, ਲਹਿਰਾਂ ਤੇ ਵਿਚਾਰਧਾਰਾਵਾਂ ਦਾ ਵਿਰੋਧ ਕੀਤਾ ਜਾਵੇ ਅਤੇ ਉਨ੍ਹਾਂ ਦੇ ਟਾਕਰੇ ਤੇ ਸੰਸਾਰਕ ਗਿਆਨ, ਵਿਗਿਆਨ ਨੂੰ ਮਹੱਤਤਾ ਦਿਤੀ ਜਾਵੇ। ਪਰੰਪਰਾ ਅਤੇ ਆਧੁਨਿਕਤਾ ਵਿਚ ਫ਼ਰਕ ਹੀ ਇਹ ਹੈ ਕਿ ਪਰੰਪਰਾਵਾਦੀ ਦ੍ਰਿਸ਼ਟੀਕੋਣ ਵਿਚ ਸਾਰੇ ਸੰਸਾਰ ਤੇ ਇਸ ਸੰਸਾਰ ਵਿਚ ਮਨੁੱਖ ਦੇ ਸਥਾਨ ਨੂੰ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਵੇਖਣਾ ਸੀ। ਪਰ ਆਧੁਨਿਕ ਯੁਗ ਵਿਚ ਧਰਮ ਤੇ ਅਧਿਆਤਮਕਤਾ ਨੂੰ ਵੀ ਸੰਸਾਰ ਦੇ ਦ੍ਰਿਸ਼ਟੀਕੋਣ ਤੋਂ ਵਾਚਣ ਦੀ ਲੋੜ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪੰਜਾਬੀ ਭਾਸ਼ਾ ਤਾਂ ਹੀ ਆਧੁਨਿਕ ਤੇ ਵਿਗਿਆਨਕ ਭਾਸ਼ਾ ਬਣ ਸਕਦੀ ਹੈ ਜੇ ਇਸ ਭਾਸ਼ਾ ਦੀਆਂ ਅੰਦਰਲੀਆਂ ਸਭਿਆਚਾਰਕ ਪ੍ਰੇਰਨਾਵਾਂ ਨੂੰ ਸੰਪੂਰਨ ਤੌਰ ਤੇ ਸੈਕੂਲਰ ਬਣਾ ਲਿਆ ਜਾਵੇ।

ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀਆਂ ਸਮੱਸਿਆਵਾਂ ਨੂੰ ਮੈਂ ਨਿਰੋਲ ਭਾਰਤੀ ਪੰਜਾਬ ਦੇ ਪ੍ਰਸੰਗ ਵਿਚ ਹੀ ਪੇਸ਼ ਕੀਤਾ ਹੈ। ਇਸ ਭਾਸ਼ਾ ਦਾ ਇਕ ਹੋਰ ਬੜਾ ਮਹੱਤਵਪੂਰਣ ਪ੍ਰਸੰਗ ਵੀ ਹੈ। ਉਹ ਹੈ ਪੰਜਾਬੀ ਭਾਸ਼ਾ ਦਾ ਅੰਤਰ-ਰਾਸ਼ਟਰੀ ਸਰੂਪ। ਪੰਜਾਬੀ ਅੰਤਰ-ਰਾਸ਼ਟਰੀ ਭਾਸ਼ਾ ਤਾਂ ਉਦੋਂ ਹੀ ਬਣ ਗਈ ਸੀ ਜਦੋਂ ੧੫ ਅਗਸਤ, ੧੯੪੭ ਨੂੰ ਪੰਜਾਬ ਦੋ ਦੇਸ਼ਾਂ ਵਿਚਾਲੇ ਵੰਡਿਆ ਗਿਆ ਸੀ। ਪਰ ਦਸੰਬਰ, ੧੯੭੧ ਵਿਚ ਬੰਗਲਾ ਦੇਸ਼ ਬਣਨ ਨਾਲ ਪੰਜਾਬ ਦੀ ਇਸ ਅੰਤਰ-ਰਾਸ਼ਟਰੀ ਮਹੱਤਤਾ ਵਿਚ ਵਾਧਾ ਹੋਇਆ ਹੈ। ਪੰਜਾਬੀ ਅੱਜ ਪਾਕਿਸਤਾਨ ਦੀ ਬਹੁਤੀ ਬਹੁ-ਗਿਣਤੀ ਭਾਵ ੬੪ ਫ਼ੀ ਸਦੀ ਆਬਾਦੀ ਦੀ ਭਾਸ਼ਾ ਹੈ; ਅਤੇ ਪੰਜਾਬੀ ਪਾਕਿਸਤਾਨ ਵਿਚ ਸਭ ਤੋਂ ਵਡੀ ਕੌਮੀਅਤ ਹਨ। ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਤੇ ਕੌਮੀਅਤ ਨੂੰ ਪਾਕਿਸਤਾਨ ਦੇ ਆਗਾਮੀ ਲੋਕ-ਰਾਜੀ ਵਿਕਾਸ ਵਿਚ ਹੁਣ ਨਾਲੋਂ ਕਿਤੇ ਵਧੇਰੇ ਮਹੱਤਤਾ ਪ੍ਰਾਪਤ ਹੋ ਜਾਵੇ। ਅੱਜ ਪਾਕਿਸਤਾਨ ਅਤੇ ਭਾਰਤ ਵਰਸ਼ ਵਿਚਾਲੇ ਪੰਜਾਬੀ ਬੋਲੀ

Digitized by Panjab Digital Library | www.panjabdigilib.org

ਪੰਜਾਬ ਦੇ ਸਭਿਆਚਾਰ ਅਤੇ ਪੰਜਾਬੀ ਸਾਹਿੱਤ ਦੇ ਇਤਿਹਾਸਕ ਵਿਰਸੇ ਦੀ ਸਭ ਤੋਂ ਵਡੀ ਸਾਂਝੀ ਰਾਸ ਹੈ। ਇਸ ਰਾਸ ਨੂੰ ਜੇ ਠੀਕ ਢੰਗ ਨਾਲ ਵਰਤਿਆ ਜਾਵੇ ਅਤੇ ਦੋਹਾਂ ਪੰਜਾਬਾਂ ਦੇ ਲੋਕਾਂ ਦੀ ਭਾਸ਼ਾਈ, ਸਾਂਸਕ੍ਰਿਤਿਕ ਤੇ ਲੋਕ ਪਰੰਪਰਾਵਾਂ ਦੀ ਏਕਤਾ ਨੂੰ ਚੰਗੀ ਤਰ੍ਹਾਂ ਪਛਾਣਿਆ ਤੇ ਉਜਾਗਰ ਕੀਤਾ ਜਾਵੇ ਤਾਂ ਪੰਜਾਬੀ ਭਾਸ਼ਾ ਪਾਕਿਸਤਾਨ ਅਤੇ ਭਾਰਤ ਵਰਸ਼ ਵਿਚਾਲੇ ਦੋਸਤੀ ਤੇ ਸ਼ਾਂਤੀ ਦਾ ਸਭ ਤੋਂ ਵਡਾ ਪੁਲ ਬਣ ਸਕਦੀ ਹੈ। ਇਹ ਸਮੱਸਿਆ ਕਿਉਂਕਿ ਆਪਣੇ ਆਪ ਵਿਚ ਇਕ ਬਹੁਤ ਵਡੀ ਸਮੱਸਿਆ ਹੈ ਜਿਸ ਨੂੰ ਕਿਸੇ ਵੀ ਹੋਰ ਪ੍ਰਸੰਗ ਨਾਲ ਵਾਚਣ ਲਗਿਆਂ ਸਾਡੀ ਵਿੱਥ-ਸੋਝੀ ਦੇ ਭ੍ਰਸ਼ਟ ਹੋ ਜਾਣ ਦਾ ਡਰ ਹੈ, ਇਸ ਲਈ ਮੈਂ ਇਥੇ ਇਸ ਵਲ ਸੰਕੇਤ ਕਰਨਾ ਹੀ ਮੁਨਾਸਬ ਸਮਝਿਆ ਹੈ।

ਅੰਤ ਵਿਚ ਮੈਂ ਇਹ ਹੀ ਕਹਿਣਾ ਚਾਹਾਂਗਾ ਕਿ ਅੱਜ ਪੰਜਾਬੀ ਅਤੇ ਪੰਜਾਬੀਅਤ ਦੇ ਸਾਹਮਣੇ ਜਿਹੜੇ ਮਸਲੇ ਦਰਪੇਸ਼ ਹਨ ਉਨ੍ਹਾਂ ਨੂੰ ਹਲ ਕਰਨ ਲਈ ਜਿਥੇ ਸਾਨੂੰ ਭਾਰਤ ਦੀਆਂ ਹੋਰ ਕੌਮੀਅਤਾਂ ਦੇ ਨਾਲ ਰਲ ਕੇ ਭਾਰਤ ਦੇ ਰਾਸ਼ਟਰੀ ਪ੍ਰਸ਼ਨ ਦੇ ਸੁਲਝਾਉ ਵਿਚ ਪੈਦਾ ਹੋਏ ਵਿਕਾਰਾਂ ਨੂੰ ਦੂਰ ਕਰ ਕੇ ਭਾਰਤ ਦੀਆਂ ਭਾਸ਼ਾਵਾਂ ਅਤੇ ਸਭਿਆਚਾਰ ਦੇ ਸੁਤੰਤਰ ਵਿਕਾਸ ਲਈ ਵਿਵਸਥਾ ਪੈਦਾ ਕਰਨੀ ਚਾਹੀਦੀ ਹੈ ਉਥੇ ਭਾਰਤ ਸਰਕਾਰ ਦੀਆਂ ਪੰਜਾਬੀ ਵਿਰੋਧੀ ਨੀਤੀਆਂ ਦੇ ਲੋਕ ਵਿਰੋਧੀ ਪੱਖਾਂ ਨੂੰ ਉਜਾਗਰ ਕਰ ਕੇ ਭਾਰਤ ਸਰਕਾਰ ਨੂੰ ਮਜਬੂਰ ਕਰਨਾ ਚਾਹੀਦਾ ਹੈ ਕਿ ਉਹ ਪੰਜਾਬੀ ਭਾਸ਼ਾ ਨੂੰ ਪੰਜਾਬੀ ਲੋਕਾਂ ਨੂੰ ਇਕ ਦੂਜੇ ਨਾਲੋਂ ਨਿਖੇੜਨ ਲਈ ਨਹੀਂ ਸਗੋਂ ਇਕ ਦੂਜੇ ਨਾਲ ਜੋੜਨ ਲਈ ਵਰਤਣ ਦੀ ਨੀਤੀ ਅਪਣਾਏ। ਇਸ ਦੇ ਨਾਲ ਹੀ ਸਾਨੂੰ ਇਹ ਵੀ ਸੋਚਣਾ ਪਵੇਗਾ ਕਿ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਅੰਤਰਗਤ ਪਰੰਪਰਾ-ਪੂਜ ਪੁਰਾਤਨਤਾਵਾਦੀ ਧਾਰਮਕ ਤੇ ਅਧਿਆਤਮਕ ਪੁਨਰ-ਜਾਗਰਤੀ ਦੀਆਂ ਲਹਿਰਾਂ ਦਾ ਟਾਕਰਾ ਕਰ ਕੇ ਸੰਸਾਰਕ ਵਿਗਿਆਨਕ ਦ੍ਰਿਸ਼ਟੀਕੋਣ ਦੇ ਸਹਾਰੇ ਇਕ ਆਧੁਨਿਕ ਬੌਧਿਕ ਪਰੰਪਰਾ ਦਾ ਨਿਰਮਾਣ ਕਿਵੇਂ ਕੀਤਾ ਜਾਵੇ।

Digitized by Panjab Digital Library | www.panjabdigilib.org

ਪੰਜਾਬੀ ਤੇ ਪੰਜਾਬੀਅਤ

ਗੁਲਜ਼ਾਰ ਸਿੰਘ ਸੰਧੂ
ਏ-246, ਪੰਡਾਰਾ ਰੋਡ, ਨਵੀਂ ਦਿੱਲੀ

Digitized by Panjab Digital Library | www.panjabdigilib.org

ਸਭਿਆਚਾਰ ਦਾ ਮੁੱਢਲਾ ਗੁਣ ਅਟੱਲ, ਅਰੋਕ ਤੇ ਅਥਾਹ ਵਹਿਣ ਹੈ। ਪੀੜ੍ਹੀਉ ਪੀੜ੍ਹੀ ਵਗਦੇ ਇਸ ਵਹਿਣ ਉਤੇ ਸਮੇਂ ਸਮੇਂ ਸ਼ਕਤੀਸ਼ਾਲੀ ਤੇ ਨਵੇਂ ਵਿਚਾਰ ਪ੍ਰਭਾਵ ਪਾਉਂਦੇ ਰਹਿੰਦੇ ਹਨ। ਸਭਿਆਚਾਰ ਗਤੀ ਦਾ ਚਿੰਨ੍ਹ ਹੁੰਦਾ ਹੈ ਠਹਿਰਾਉ ਦਾ ਨਹੀਂ। ਇਹੋ ਕਾਰਨ ਹੈ ਕਿ ਚੰਗੇ ਸਭਿਆਚਾਰਾਂ ਵਿਚ ਪਰੰਪਰਾਵਾਂ ਤਾਂ ਹੁੰਦੀਆਂ ਹਨ ਕਟੜਪਨ ਤੇ ਰੂੜ੍ਹੀਵਾਦ ਨਹੀਂ। ਅਸਲ ਗੱਲ ਤਾਂ ਇਹ ਹੈ ਕਿ ਹਰ ਕੌਮ, ਜਾਤੀ ਜਾਂ ਸੰਸਥਾ ਸਮੇਂ ਸਮੇਂ ਨਵੇਂ ਤੇ ਵਧੇਰੇ ਪ੍ਰਵਾਨ ਹੋਣ ਵਾਲੇ ਮੱਤ ਮਿਥਦੀ ਰਹਿੰਦੀ ਹੈ ਇਨ੍ਹਾਂ ਦਾ ਮੁਖ ਮਨੋਰਥ ਉੱਨਤੀ ਹੁੰਦਾ ਹੈ — ਆਰਥਕ ਵੀ ਤੇ ਆਤਮਕ ਵੀ। ਇਹ ਮੱਤ ਹੀ ਸਭਿਆਚਾਰ ਅਖਵਾਉਂਦੇ ਹਨ।

ਅਸਭਿਅ ਮਨੁੱਖ ਦਾ ਸਭਿਅਤਾ ਵਲ ਸਫ਼ਰ ਏਸੇ ਸੱਚ ਦੀ ਪ੍ਰੋੜ੍ਹਤਾ ਕਰਦਾ ਹੈ। ਆਦਿ ਮਨੁੱਖ ਦੀ ਜਥੇਬੰਦੀ ਦਾ ਕਾਰਨ ਜੰਗਲੀ ਜਾਨਵਰ ਸਨ ਤੇ ਉਸ ਦੇ ਲੋਕ ਗੀਤਾਂ ਦਾ ਸੋਮਾ ਭਾਰੀ ਗੇਲੀਆਂ ਜਾਂ ਪੱਥਰਾਂ ਨੂੰ ਰੇੜ੍ਹਨ ਲਈ ਲੋੜੀਂਦਾ ਹੰਭਲਾ। ਹੁਣ ਜੰਗਲੀ ਜਾਨਵਰਾਂ ਤੋਂ ਬਚਾਉ ਲਈ ਬੰਦੂਕਾਂ ਹਨ ਤੇ ਪੱਥਰਾਂ ਤੇ ਗੇਲੀਆਂ ਲਈ ਮਸ਼ੀਨਾਂ। ਅਜ ਦੇ ਮਨੁੱਖ ਨੂੰ ਜਿਸ ਜਥੇਬੰਦੀ ਦੀ ਲੋੜ ਹੈ ਉਹ ਵਿਸ਼ਵ ਜਥੇਬੰਦੀ ਕਹੀ ਜਾ ਸਕਦੀ ਹੈ। ਪਰ ਭੂਗੋਲਕ ਤੇ ਰਾਜਨੀਤਕ ਸੀਮਾਵਾਂ ਵਿਸ਼ਵ-ਸਭਿਆਚਾਰ ਜਾਂ ਵਿਸ਼ਵ-ਜਥੇਬੰਦੀ ਦੇ ਰਾਹ ਵਿਚ ਰੋਕਾਂ ਹਨ। ਕਈ ਵਾਰੀ ਇਹ ਰੋਕਾਂ ਬੋਲੀ ਤੇ ਧਰਮ ਵੀ ਪਾਉਂਦੇ ਹਨ। ਇਨ੍ਹਾਂ ਨੂੰ ਤੋੜਨਾ ਬਹੁਤ ਜ਼ਰੂਰੀ ਹੈ।

ਅਸਲੀ ਸਭਿਆਚਾਰ ਤਦ ਹੀ ਹੋਂਦ ਵਿਚ ਆਉਂਦਾ ਹੈ ਜਦ ਕਿਸੇ ਇਕ ਫ਼ਿਰਕੇ, ਧਰਮ ਤੇ ਸੰਪਰਦਾ ਦੇ ਬੰਦੇ ਦੂਜੇ ਧਰਮ, ਫ਼ਿਰਕੇ ਤੇ ਸੰਪਰਦਾ ਦੇ ਬੰਦਿਆਂ ਨਾਲ ਘੁਲਣ ਮਿਲਣ ਦੇ ਯਤਨ ਕਰਨ। ਜੇ ਉਤਰੀ ਭਾਰਤ ਦੇ ਸ਼ਕਤੀਸ਼ਾਲੀ ਸੁਭਾਅ ਦਾ ਦੱਖਣੀ ਭਾਰਤ ਦੇ ਘਟ-ਸ਼ਕਤੀਸ਼ਾਲੀ ਸੁਭਾਅ ਨਾਲ ਸੁਮੇਲ ਕਰਾਉਣਾ ਹੋਵੇ ਤਾਂ ਦੋਹਾਂ ਧਿਰਾਂ ਨੂੰ ਥੋੜਾ ਥੋੜਾ ਪਿਛਾਂਹ ਹਟਣਾ

Digitized by Panjab Digital Library / www.panjabdigilib.org

ਜਾਂ ਅਗੇ ਵਧਣਾ ਪਵੇਗਾ। ਅਜਿਹਾ ਕੀਤਿਆਂ ਜਿਹੜਾ ਮਿਸ਼ਰਤ ਸੁਭਾਅ ਜਨਮ ਲਵੇਗਾ ਉਸ ਨੂੰ ਉਹ ਦੋਵੇਂ ਅਪਣਾ ਸਕਦੇ ਹਨ।

ਪਰ ਸੁਭਾਵਕ ਰੂਪ ਵਿਚ ਮਨੁੱਖ ਨੂੰ ਆਪਣੇ ਸਭਿਆਚਾਰ ਨਾਲ ਹੀ ਮੋਹ ਹੁੰਦਾ ਹੈ। ਇਹ ਮੋਹ ਸਭਿਆਚਾਰਕ ਨਿਵੇਕਲਾਪਨ ਪੈਦਾ ਕਰਦਾ ਹੈ। ਇਸ ਮੋਹ ਜਾਂ ਨਿਵੇਕਲੇਪਨ ਦਾ ਮੂਲ ਕਾਰਨ ਕਿਸੇ ਨਾ ਕਿਸੇ ਪਰਕਾਰ ਦਾ ਭੈਅ ਹੁੰਦਾ ਹੈ। ਇਹ ਭੈਅ ਪਰ-ਅਧੀਨ ਹੋਈ ਬਹੁਗਿਣਤੀ ਵਾਲੀ ਲੋਕਾਈ ਨੂੰ ਵੀ ਹੋ ਸਕਦਾ ਹੈ ਤੇ ਰੋਟੀ ਟੁੱਕ ਵਾਸਤੇ ਕਿਸੇ ਅਮੀਰ ਰਾਸ਼ਟਰ ਦੀ ਸ਼ਰਨ ਪਈ ਲਘੂ-ਗਿਣਤੀ ਵਾਲੀ ਵਸੋਂ ਨੂੰ ਵੀ। ਬਾਹਰਲੇ ਦੇਸ਼ਾਂ ਵਿਚ ਗਏ ਪੰਜਾਬੀਆਂ ਦਾ ਆਪਣੀ ਬੋਲੀ ਤੇ ਸਭਿਆਚਾਰ ਨੂੰ ਸੰਭਾਲਣ ਦਾ ਯਤਨ ਕੁਝ ਇਨ੍ਹਾਂ ਕਾਰਨਾਂ ਕਰ ਕੇ ਹੀ ਹੈ। ਕਈ ਵਾਰੀ ਬਾਹਰੀ ਦਿਖ ਗੰਵਾਉਣ ਤੋਂ ਪਿਛੋਂ ਵੀ ਲੋਕ ਆਪਣੀ ਰਹਿਤ ਆਦਿ ਉੱਤੇ ਵਧੇਰੇ ਜ਼ੋਰ ਦੇਣ ਲਗ ਜਾਂਦੇ ਹਨ। ਯੂਰਪ ਵਿਚ ਜਾ ਕੇ ਸਹਿਜਧਾਰੀ ਹੋਏ ਸਿਖਾਂ ਦਾ ਆਪਣੀ ਰਹਿਤ ਉੱਤੇ ਜ਼ੋਰ ਵੀ ਇਸੇ ਕਾਰਨ ਹੈ। ਇਹੋ ਜਿਹਾ ਹੀ ਮੋਹ ਕਿਸੇ ਕਾਮਰੇਡ ਦਾ ਵੱਡਾ ਕਾਰਖ਼ਾਨੇਦਾਰ ਬਣਨ ਪਿਛੋਂ ਸਮਾਜਵਾਦ ਪ੍ਰਤੀ ਹੁੰਦਾ ਹੈ।

ਸਭਿਆਚਾਰਕ ਨਿਵੇਕਲੇਪਨ ਦਾ ਇਕ ਕਾਰਨ ਮਨੁੱਖੀ ਸੁਭਾਅ ਦੀ ਹੇਜ ਤੇ ਪਿਛਾ ਕਰਨ ਦੀ ਰੁਚੀ ਵੀ ਹੈ। ਇਹ ਰੁਚੀ ਦਿਮਾਗ਼ ਦੀ ਥਾਂ ਦਿਲ ਦੀ ਉਪਜ ਹੁੰਦੀ ਹੈ। ਇਹ ਭਾਵਨਾ ਕਈ ਵਾਰੀ ਮੁਰੱਬਾਬੰਦੀ ਤੋਂ ਪਿਛੋਂ ਬਣੀਆਂ ਚੌੜੀਆਂ ਸੜਕਾਂ ਦੇ ਟਾਕਰੇ ਉੱਤੇ ਪਹਿਲੋਂ ਦੀਆਂ ਟੇਢੀਆਂ ਮੇਢੀਆਂ ਪਗਡੰਡੀਆਂ ਪ੍ਰਤੀ ਵੀ ਹੋ ਸਕਦੀ ਹੈ ਤੇ ਕਨਾਟ ਪਲੇਸ ਜਾਂ ਇੰਡੀਆ ਗੇਟ ਵਿਚ ਫੈਲਾਏ ਚਾਨਣ ਦੇ ਟਾਕਰੇ ਉੱਤੇ ਚਾਨਣ ਤੋਂ ਪਹਿਲੇ ਹਨੇਰਿਆਂ ਨਾਲ ਵੀ। ਇਹ ਭਾਵਨਾ ਕਿਸੇ ਦੂਜੀ ਬੋਲੀ ਦਾ ਪ੍ਰਸਿੱਧ ਕਵੀ ਬਣਨ ਤੋਂ ਪਿਛੋਂ ਉਸ ਕਵੀ ਦੀ ਆਪਣੀ ਮਾਂ ਬੋਲੀ ਦੇ ਲੋਕ ਗੀਤਾਂ ਪ੍ਰਤੀ ਵੀ ਹੋ ਸਕਦੀ ਹੈ ਤੇ ਏਸ਼ੀਆ ਪ੍ਰਦਰਸ਼ਨੀ ਵਿਚ ਪੰਜਾਬ ਦੇ ਉੱਨਤੀ ਦਰਸਾਉਂਦੇ ਮੰਡਪ ਦੀ ਥਾਂ ਹਰਿਆਣਾ ਦੇ ਆਦਿ ਕਾਲੀ ਮੰਡਪ ਪ੍ਰਤੀ ਵੀ। ਬਹੁਤ ਵਾਰੀ ਅਜਿਹਾ ਮੋਹ ਤੁਹਾਡੀ ਪਰਵਾਨ ਹੋ ਚੁਕੀ ਸ਼ਖ਼ਸੀਅਤ ਜਾਂ ਸੁਭਾਅ ਨਾਲ ਵੀ ਹੁੰਦਾ ਹੈ ਜਿਸ ਨੂੰ ਨਵੇਂ ਚੌਗਿਰਦੇ ਵਿਚ ਜਾ ਕੇ ਤਾਂ ਬਦਲਿਆ ਜਾ ਸਕਦਾ ਹੈ ਉਸ ਚੁਗਿਰਦੇ ਵਿਚ ਨਹੀਂ ਜਿਸ ਵਿਚ ਉਹ ਪਰਵਾਨ ਹੋ ਚੁਕੀ ਹੋਵੇ। ਇਹੋ ਕਾਰਨ ਹੈ ਕਿ ਕਈ ਵਾਰੀ ਬੰਦੇ ਨੂੰ ਆਪਣੇ ਉਲਾਰਾਂ ਨਾਲ ਵੀ ਮੋਹ ਹੋ ਜਾਂਦਾ ਹੈ।

Digitized by Panjab Digital Library | www.panjabdigilib.org

ਕੁਝ ਵੀ ਹੋਵੇ ਵਿਗਿਆਨਕ ਉੱਨਤੀ ਤੇ ਨਸਲੀ ਮਿਸ਼ਰਣ ਸਭਿਆਚਾਰਾਂ ਨੂੰ ਬਦਲਣ ਤੇ ਨਿਖਾਰਨ ਵਿਚ ਸਹਾਈ ਹੁੰਦੇ ਹਨ। ਭਾਰਤ ਦਾ ਸਮੇਂ ਸਮੇਂ ਵਿਦੇਸ਼ੀ ਧਾਵਿਆਂ ਦਾ ਸ਼ਿਕਾਰ ਰਹਿਣਾ ਇਸ ਗੱਲ ਦਾ ਕੋੜਾ ਸਬੂਤ ਹੈ ਕਿ ਕਿ ਜਿਥੇ ਜਿਥੇ ਵੀ ਬਹੁਤਾ ਮਿਸ਼ਣ ਹੋਇਆ ਹੈ ਉਥੋਂ ਦੇ ਸਭਿਆਚਾਰ ਵਿਚ ਬਲ ਵੀ ਆਇਆ ਹੈ ਤੇ ਦਮ ਵੀ। ਰਾਵਲਪਿੰਡੀ ਤੋਂ ਦਿੱਲੀ ਤੱਕ ਦੀ ਯਾਤਰਾ ਦਸੇਗੀ ਕਿ ਜਿਉਂ ਜਿਉਂ ਪੈਂਡਾ ਮੁੱਕਦਾ ਜਾਵੇਗਾ ਚਾਨਣ ਵੀ ਘਟਦਾ ਜਾਵੇਗਾ। ਕਿਸੇ ਥਾਂ ਕਿੰਨੀ ਸ਼ਕਤੀ ਦਾ ਲਾਟੂ ਰੌਸ਼ਨੀ ਕਰ ਰਿਹਾ ਹੈ, ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਥੇ ਘੋਲ ਮੇਲ ਤੇ ਮਿਸ਼ਰਨ ਕਿੰਨਾ ਕੁ ਤੀਖਣ ਰਿਹਾ ਹੈ।

ਪੰਜਾਬ ਦੀ ਬੋਲੀ ਤੇ ਸਭਿਆਚਾਰ ਏਨੀਆਂ ਬੋਲੀਆਂ ਤੇ ਸਭਿਆਚਾਰਾਂ ਦਾ ਮਿਸ਼ਰਣ ਹੈ ਕਿ ਇਸ ਦਾ ਲੱਛਣ ਬਹੁ-ਅੰਗੀ ਤੇ ਬਹੁ-ਰੂਪੀ ਹੋ ਗਿਆ ਹੈ। ਪੰਜਾਬੀ ਬੋਲੀ ਤੇ ਸਭਿਆਚਾਰ ਵਿਚ ਵਿਦੇਸ਼ੀ ਸ਼ਬਦ ਤੇ ਕੀਮਤਾਂ ਏਨੀਆਂ ਘੁਲ ਮਿਲ ਚੁਕੀਆਂ ਹਨ ਕਿ ਇਨ੍ਹਾਂ ਦਾ ਮੁਹਾਂਦਰਾ ਹੀ ਪੰਜਾਬੀ ਨਜ਼ਰ ਆਉਂਦਾ ਹੈ।

ਵਿਦੇਸ਼ੀ ਹਮਲਿਆਂ ਨੇ ਪੰਜਾਬੀਆਂ ਨੂੰ ਦਲੇਰੀ ਹੀ ਨਹੀਂ ਦਿਤੀ ਸਗੋਂ "ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ" ਵਾਲਾ ਜੀਵਨ ਸਿਧਾਂਤ ਵੀ ਦਿਤਾ ਹੈ ਜਿਹੜਾ ਪੰਜਾਬੀਆਂ ਦੀ ਉਦਾਰਤਾ ਤੇ ਖੁਲ੍ਹ ਦਿਲੀ ਦਾ ਵੀ ਸੋਮਾ ਹੈ। ਇਹੋ ਕਾਰਨ ਹੈ ਕਿ ਕਿਸੇ ਪੰਜਾਬੀ ਕੋਲ ਹੋਵੇ ਸਹੀ ਉਹ ਕਦੀ ਮੁਸ਼ਕਲ ਵਿਚ ਫਾਥੇ ਬੰਦੇ ਨੂੰ ਨਾਂਹ ਨਹੀਂ ਕਰਦਾ। ਇਹ ਉਹ ਆਪਣਾ ਪੰਜਾਬ ਵਿਚ ਜੰਮੇ ਹੋਣ ਕਾਰਨ ਜਮਾਂਦਰੂ ਫ਼ਰਜ਼ ਸਮਝਦਾ ਹੈ। ਨਸਲੀ ਮਿਸ਼ਰਣ ਨੇ ਪੰਜਾਬੀਆਂ ਦੇ ਆਤਮਕ ਕੱਦ ਨੂੰ ਹੀ ਨਹੀਂ ਉਸਾਰਿਆ ਇਨ੍ਹਾਂ ਦੇ ਸਰੀਰ ਨੂੰ ਵੀ ਚੰਗੀ ਡੀਲ ਡੋਲ ਤੇ ਨੈਣ ਨਕਸ਼ ਦਿਤੇ ਹਨ। ਪੰਜਾਬ ਦੀ ਏਸੇ ਸ਼ਕਤੀ ਤੇ ਸੂਹਜ ਵਿਚੋਂ ਪੰਜਾਬ ਦੇ ਲੋਕ-ਸਾਹਿਤ, ਲੋਕ-ਪੁਰਾਣਾਂ, ਲੋਕ-ਗੀਤਾਂ ਤੇ ਲੋਕ-ਨਾਚਾਂ ਨੇ ਜਨਮ ਲਿਆ ਹੈ। ਵਿਚਾਰਾਂ ਦੀ ਸੁਤੰਤਰਤਾ ਪੰਜਾਬੀ ਸੁਭਾਅ ਦਾ ਸਭ ਤੋਂ ਵਡਾ ਗੁਣ ਰਿਹਾ ਹੈ। ਪੰਜਾਬੀ ਨਿਰਛਲ ਤੇ ਖੁਲ੍ਹੇ ਡੁਲ੍ਹੇ ਸੁਭਾਅ ਦੇ ਹੋਣ ਕਾਰਨ ਥੋੜੇ ਜਿਹੇ ਖਰ੍ਹਵੇ ਜ਼ਰੂਰ ਰਹੇ ਹਨ, ਪਰ ਉਨ੍ਹਾਂ ਦੀ ਇਹ ਘਾਟ ਵੀ ਵਿੱਦਿਆ ਦੇ ਚਾਨਣ ਨਾਲ ਦੂਰ ਹੁੰਦੀ ਜਾ ਰਹੀ ਹੈ।

Digitized by Panjab Digital Library | www.panjabdigilib.org

ਉਦਾਰਤਾ, ਮਹਿਮਾਨਨਿਵਾਜ਼ੀ ਤੇ ਆਉਭਗਤ ਤੋਂ ਬਿਨਾਂ ਪੰਜਾਬੀ ਸੁਭਾਅ ਵਿਚ ਆਈ ਦ੍ਰਿੜ੍ਹਤਾ ਤੇ ਸਮੇਂ ਸਥਾਨ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਲਚਕ ਵੀ ਏਸੇ ਉੱਥਲ ਪੁਥੱਲ ਦਾ ਸਿੱਟਾ ਹਨ। ਵਡੀ ਤੋਂ ਵਡੀ ਹਿਲ-ਜੁਲ ਵੀ ਨਿਰਾਸ ਨਹੀਂ ਹੋਣ ਦਿੰਦੀ। ਇਹੋ ਕਾਰਨ ਹੈ ਕਿ ਦੇਸ਼ ਦੀ ਵੰਡ ਤੋਂ ਪਿਛੋਂ ਉਖੜੇ ਪੰਜਾਬੀ ਤਾਂ ਰੰਕ ਤੋਂ ਰਾਜੇ ਬਣ ਗਏ ਹਨ ਤੇ ਬੰਗਾਲੀ ਰਾਜਿਆਂ ਤੋਂ ਰੰਕ। ਹਾਂ ਏਸ ਪੱਖ ਤੋਂ ਸਿੰਧੀ ਹੀ ਪੰਜਾਬੀਆਂ ਦਾ ਟਾਕਰਾ ਕਰ ਸਕੇ ਹਨ, ਉਹ ਵੀ ਸ਼ਾਇਦ ਏਸ ਲਈ ਕਿ ਉਹ ਪੁਰਾਤਨ ਪੰਜਾਬ ਦਾ ਅੰਗ ਰਹੇ ਹਨ।

ਪੰਜਾਬ ਕਿਰਸਾਣੀ ਪ੍ਰਧਾਨ ਖੰਡ ਰਿਹਾ ਹੋਣ ਕਾਰਨ ਇਥੋਂ ਦੇ ਲੋਕਾਂ ਵਿਚ ਇਕ ਪਾਸੇ ਭੋਂ ਮਾਲਕੀ ਦੇ ਅਹਿਸਾਸ ਵਿਚੋਂ ਹਉਮੈਂ, ਅਣਖ ਤੇ ਮਾਣ ਆਏ ਤੇ ਦੂਜੇ ਪਾਸੇ ਦੂਜੀਆਂ ਜ਼ਾਤਾਂ ਉਤੇ ਨਿਰਭਰ ਹੋਣ ਕਾਰਨ ਉਨ੍ਹਾਂ ਜ਼ਾਤਾਂ ਪ੍ਰਤੀ ਆਦਰ। ਇਹੋ ਕਾਰਨ ਸੀ ਕਿ ਏਥੇ ਛੂਤ ਛਾਤ ਦੀ ਸਮੱਸਿਆ ਕਦੀ ਏਨੀ ਗੰਭੀਰ ਨਹੀਂ ਹੋਈ ਜਿੰਨੀ ਦੱਖਣੀ ਭਾਰਤ ਵਿਚ ਰਹੀ ਹੈ।

ਉਂਜ ਵੀ ਖੇਤੀ ਦੇ ਮੌਸਮ ਉਤੇ ਨਿਰਭਰ ਹੋਣ ਕਾਰਨ ਸਾਲ ਦਾ ਚੋਖਾ ਸਮਾਂ ਵਿਹਲ ਰਹਿੰਦੀ ਸੀ। ਪਰ ਪੰਜਾਬੀ ਵਿਹਲੜ ਬਣਨ ਦੀ ਥਾਂ ਇਹ ਸਮਾਂ ਤਨ ਤੇ ਮਨ ਨੂੰ ਤਕੜਿਆਂ ਕਰਨ ਵਲ ਲਾਉਂਦੇ ਸਨ। ਘੋਲ, ਕਬੱਡੀ, ਸੌਂਚੀ, ਰੱਸਾ ਤੇ ਦੌੜਾਂ ਆਦਿ ਮੈਦਾਨੀ ਖੇਡਾਂ ਪੰਜਾਬ ਦੇ ਮੇਲਿਆਂ ਦਾ ਮੁਖੀ ਅੰਗ ਰਹੀਆਂ ਹਨ। ਇਹ ਮੇਲੇ ਹੌਲੀ ਹੌਲੀ ਧਾਰਮਕ ਰੰਗਤ ਫੜਦੇ ਗਏ ਤੇ ਹੁਣ ਕਿਰਸਾਣ ਮੇਲਿਆਂ ਦਾ ਰੂਪ ਧਾਰ ਰਹੇ ਹਨ। ਗਿੱਧਾ, ਭੰਗੜਾ, ਕਿਕਲੀ ਸੰਮੀ ਤੇ ਝੁੰਮਰ ਆਦਿ ਨਾਚ ਵੀ ਇਸੇ ਧੜਕਦੇ ਪੰਜਾਬ ਦੀ ਰੂਹ ਹਨ। ਵਿਸਾਖੀ, ਇਕਾਦਸ਼ੀ, ਤੀਆਂ, ਪੁੰਨਿਆ, ਗੁਗਾ, ਸ਼ਰਾਧ, ਦਸਹਿਰਾ, ਲੋਹੜੀ, ਮਾਘੀ, ਬਸੰਤ ਪੰਚਮੀ, ਹੋਲੀ, ਕਰਵਾ ਚੌਥ, ਕਿਸੇ ਨਾ ਕਿਸੇ ਆਹਰ ਲਗੇ ਰਹਿਣ ਲਈ, ਪੰਜਾਬੀ ਅਨੇਕਾਂ ਤਿਉਹਾਰ ਮਨਾਉਂਦੇ ਹਨ। ਗੁਲੀ ਡੰਡਾ, ਕੋਰੜਾ ਛਪਾਕੀ, ਕਾਵਾਂ ਘੋੜੀ, ਲੁਕਣ ਮੀਚੀ, ਬਾਰਾਂ ਟਹਿਣੀ, ਚੌਪੜ ਛਿਕੜੀ ਤੇ ਚੀਚੋ ਚੀਚ ਘਚੋਲੀਆਂ ਛੋਟੇ ਬੱਚਿਆਂ ਦੀਆਂ ਆਮ ਖੇਡਾਂ ਸਨ। ਜੇ ਪੰਜਾਬੀ ਸਭਿਆਚਾਰ ਦੇ ਇਹ ਲੱਛਣ ਮਿਟ ਵੀ ਰਹੇ ਹਨ ਤਾਂ ਇਸ ਦੀ ਚਿੰਤਾ ਕਰਨ ਦੀ ਲੋੜ ਨਹੀਂ। ਪੰਜਾਬੀ ਸਭਿਆਚਾਰ ਆਪਣੇ ਆਪ ਨੂੰ ਨਵੀਂ ਤਰਤੀਬ ਦੇ ਰਿਹਾ ਹੈ।

Digitized by Panjab Digital Library | www.panjabdigilib.org

ਖੇਤੀ ਦੇ ਮਸ਼ੀਨੀ ਹੋ ਜਾਣ ਨਾਲ ਸਭਿਆਚਾਰਕ ਨਕਸ਼ਾ ਬਦਲਣਾ ਕੁਦਰਤੀ ਹੈ। ਪਹਿਲੇ ਪਿੰਡ ਪਾਣੀ ਦੇ ਸਾਂਝੇ ਸੋਮਿਆਂ ਤੇ ਬਾਹਰਲੇ ਹਮਲਿਆਂ ਦੇ ਡਰ ਕਾਰਨ ਵੱਡੇ ਤੇ ਬਝਵੇਂ ਹੁੰਦੇ ਸਨ। ਹੁਣ ਚੱਪੇ ਚੱਪੇ ਉਤੇ ਬੰਬੀਆਂ ਲਗਣ ਨਾਲ ਥਾਂ ਥਾਂ ਵਸੋਂ ਹੋ ਗਈ ਹੈ। ਅੱਜ ਦਾ ਸਮਾਜਕ ਢਾਂਚਾ ਆਤਮ ਨਿਰਭਰ ਹੋਣ ਦੀ ਥਾਂ ਪਰ-ਨਿਰਭਰਤਾ ਵਾਲਾ ਹੈ। ਅੱਜ ਦਾ ਵਿਅਕਤੀ ਭਾਵੇਂ ਉਹ ਪੰਜਾਬੀ ਹੈ ਜਾ ਗੈਰ-ਪੰਜਾਬੀ ਦੂਰ ਦੇ ਚਗਿਰਦੇ ਉਤੇ ਵੀ ਓਨਾ ਹੀ ਨਿਰਭਰ ਜਿੰਨਾ ਆਪਣੇ ਉਤੇ। ਇਹੋ ਕਾਰਨ ਹੈ ਕਿ ਅੱਜ ਕਿਸੇ ਵਿਅਕਤੀ ਦਾ ਕਿਸੇ ਅਵੱਗਿਆ ਕਾਰਨ ਹੁੱਕਾ ਪਾਣੀ ਨਹੀਂ ਛੇਕਿਆ ਜਾ ਸਕਦਾ। ਇਕ ਤਰ੍ਹਾਂ ਨਾਲ ਉਹ ਆਪਣੇ ਆਪ ਹੀ ਹੁੱਕਾ ਪਾਣੀ ਛੇਕੀ ਬੈਠਾ ਹੈ।

ਉਂਜ ਵੀ ਪੁਰਾਣੀਆਂ ਕੀਮਤਾਂ ਨਵੀਆਂ ਲਈ ਥਾਂ ਕਰਦੀਆਂ ਰਹਿੰਦੀਆਂ ਹਨ। ਅੱਜ ਭੰਗੜਾ ਤੇ ਗਿੱਧਾ ਵਿਚ ਨਵੇਂ ਕਦਮ ਆ ਗਏ ਹਨ। ਪੇਂਡੂ ਖੇਡਾਂ ਨਾਲੋਂ ਸਕੂਲਾਂ ਦੀਆਂ ਖੇਡਾਂ ਭਿੰਨ ਹਨ ਤੇ ਸਕੂਲਾਂ ਨਾਲੋਂ ਵਡੇ ਸ਼ਹਿਰਾਂ ਦੀਆਂ ਭਿੰਨ ਤੇ ਉੱਨਤ। ਫੁਟਬਾਲਾਂ ਤੇ ਘੋਲਾਂ ਦੀ ਥਾਂ ਕਰਿਕਟ ਜਾਂ ਹਰਡਲ ਰੇਸਾਂ ਲੈ ਰਹੀਆਂ ਹਨ। ਵਡੇ ਸ਼ਹਿਰਾਂ ਦੀਆਂ ਕਲੱਬਾਂ ਵਿਚ ਵੀ ਪੰਜਾਬੀ ਸ਼ਾਇਦ ਸਿੰਧੀਆਂ ਨਾਲੋਂ ਹੀ ਪਿੱਛੇ ਹਨ। ਜੰਗਲੀ ਪ੍ਰਥਾ ਬਦਲ ਰਹੀ ਹੈ। ਹੁਣ ਵਿਆਹ ਦੇ ਯੋਗ ਹੋਣ ਲਈ ਚੋਰੀ ਚਕਾਰੀ ਦੇ ਤਮਗੇ ਨਾਲੋਂ ਬੁੱਧੀ ਜਾਂ ਬਹਾਦਰੀ ਪ੍ਰਵਾਨ ਹੁੰਦੀ ਹੈ। ਇਹ ਸਭ ਗੱਲਾਂ ਖ਼ੁਸ਼ੀ ਵਾਲੀਆਂ ਹਨ ਗ਼ਮੀ ਵਾਲੀਆਂ ਨਹੀਂ।

ਕੋਈ ਵੀ ਉੱਨਤੀ ਕਰ ਰਹੀ ਕੌਮ ਆਪਣੇ ਸਭਿਆਚਾਰ ਨੂੰ ਜੱਫਾ ਮਾਰ ਕੇ ਨਹੀਂ ਬਹਿੰਦੀ। ਜੇ ਪੰਜਾਬੀਅਤ ਵਿਚ ਸ਼ਕਤੀ ਹੈ ਤੇ ਮੇਲ ਜੋਲ ਵਿਚ ਆਉਣ ਵਾਲੇ ਪ੍ਰਾਂਤ ਆਪੇ ਹੀ ਕਬੂਲ ਲੈਣਗੇ। ਜੇ ਕਿਧਰੇ ਕੋਈ ਅਪਨਾਉਣ ਵਾਲੀ ਗੱਲ ਹੋਵੇਗੀ ਤਾਂ ਉਹਨੂੰ ਅਪਨਾਉਣ ਵਿਚ ਵੀ ਕੋਈ ਹਰਜ ਨਹੀਂ।

ਜੇ ਸੱਚ ਪੁਛੋ ਤਾਂ ਮੈਂ ਉਸ ਸਭਿਆਚਾਰ ਦੀ, ਜਿਸ ਨੂੰ ਅਸੀਂ ਪੰਜਾਬੀਅਤ ਕਹਿੰਦੇ ਹਾਂ, ਭੂਗੋਲਕ ਰੂਪ ਰੇਖਾ ਵੀ ਨਹੀਂ ਮਿਥ ਸਕਿਆ। ਕੀ ਪੰਜਾਬੀਅਤ ਦੇ ਗੁਣ ਸਪਤ ਸਿੰਧੂ ਸਭਿਅਤਾ ਦੇ ਗੁਣ ਨਹੀਂ ਜਿਸ ਦਾ ਖੇਤਰ ਜਿਹਲਮ, ਚਨਾਬ, ਰਾਵੀ, ਬਿਆਸ ਤੇ ਸਤਲੁਜ ਤੱਕ ਹੀ ਸੀਮਤ ਹੋਣ ਦੀ ਥਾਂ ਸਿੰਧ ਅਤੇ ਜਮਨਾ ਦੇ ਕੰਢਿਆਂ ਤੱਕ ਫੈਲਿਆ ਹੋਇਆ ਹੈ। ਜੇ ਉਪ੍ਰੋਕਤ ਗੁਣ ਸਪਤ ਸਿੰਧੂ ਦੀ ਸਮੁੱਚੀ ਵਸੋਂ ਦੇ ਹਨ ਫੇਰ ਅਸੀਂ ਹਰਿਆਣੇ ਦੇ ਜਾਟ,

Digitized by Panjab Digital Library | www.panjabdigilib.org

ਹਿਮਾਚਲ ਦੇ ਗੁੱਜਰ, ਜੰਮੂ ਦੇ ਡੋਗਰੇ ਤੇ ਬੇਘਰੇ ਸਿੰਧੀਆਂ ਨੂੰ ਏਸ ਸੂਚੀ ਵਿਚੋਂ ਕਿਵੇਂ ਕਢ ਸਕਦੇ ਹਾਂ। ਏਥੋਂ ਤਕ ਕਿ ਕਸ਼ਮੀਰੀ ਤੇ ਰਾਜਸਥਾਨੀ ਵੀ ਨਾਲ ਹੀ ਤੁਰਨਾ ਚਾਹੁਣਗੇ।

ਪੰਜਾਬ ਦੀ ਵਰਤਮਾਨ ਰੂਪ ਰੇਖਾ ਕੁਝ ਇਹੋ ਜਿਹੀ ਬਣ ਗਈ ਹੈ ਕਿ ਪੰਜਾਬੀ ਬੋਲੀ ਤੇ ਸਭਿਆਚਾਰ ਦਾ ਕੋਈ ਰੂਪ ਨਹੀਂ ਬਣ ਰਿਹਾ। ਅੱਜ ਦਾ ਪੰਜਾਬੀ ਉਸ ਗੁਆਚੇ ਵਿਅਕਤੀ ਵਾਂਗ ਹੈ ਜਿਹੜਾ ਆਪਣੇ ਸਭਿਆਚਾਰਕ ਵਿਰਸੇ ਨਾਲੋਂ ਟੁੱਟ ਚੁਕਿਆ ਹੋਵੇ। ਇਸ ਦਾ ਕਾਰਨ ਫ਼ਿਰਕੂ ਰੁਚੀ ਹੈ ਜਿਹੜੀ ਅਚੇਤ ਹੀ ਏਸ ਧਰਤੀ ਵਿਚ ਪ੍ਰਵੇਸ਼ ਕਰ ਗਈ ਹੈ। ਕੀ ਹਿੰਦੂ ਕੀ ਸਿੱਖ ਕਿਸੇ ਨੇ ਵੀ ਨਵੇਂ ਸਭਿਆਚਾਰਕ ਚੋਗਿਰਦੇ ਨੂੰ ਪ੍ਰਵਾਨ ਨਹੀਂ ਕੀਤਾ। ਏਸ ਪੱਖੋਂ ਪੰਜਾਬੀ ਕੋਈ ਬੰਗਾਲੀ ਨਾਲੋਂ ਬਹੁਤਾ ਵਖਰਾ ਨਹੀਂ। ਨਾ ਏਧਰ ਦਾ ਰਿਹਾ ਹੈ ਨਾ ਓਧਰ ਦਾ। ਬੰਗਲਾ ਦੇਸ਼ ਬਣਨ ਨਾਲ ਦੋਹਾਂ ਬੰਗਾਲਾ ਨੂੰ ਇਕ ਦੂਜੇ ਕੋਲੋਂ ਜਿਹੜਾ ਲਾਭ ਹੋਵੇਗਾ ਉਸ ਦੀ ਆਸ ਪਾਕਿਸਤਾਨੀ ਪੰਜਾਬ ਤੇ ਭਾਰਤੀ ਪੰਜਾਬ ਕੋਲੋਂ ਵੀ ਰੱਖੀ ਜਾ ਸਕਦੀ ਹੈ। ਪਰ ਇਸ ਵਿਚ ਕਿਹੜੀ ਧਿਰ ਕੀ ਖੱਟਦੀ ਤੇ ਕੀ ਗੁਆਉਂਦੀ ਹੈ ਇਹ ਸਮਾਂ ਹੀ ਦੱਸ ਸਕਦਾ ਹੈ। ਮੇਰੀ ਜਾਚੇ ਤਾਂ ਦੋਹਾਂ ਪੰਜਾਬਾਂ ਤੇ ਦੋਹਾਂ ਬੰਗਾਲਾਂ ਦਾ ਆਪੋ ਆਪਣੇ ਰਾਸ਼ਟਰੀ ਸਭਿਆਚਾਰ ਤੇ ਬੋਲੀ ਦੇ ਨੇੜੇ ਆਉਣਾ ਕੁਦਰਤੀ ਵੀ ਹੈ ਤੇ ਯੋਗ ਵੀ।

ਪੰਜਾਬ ਦੇ ਆਪਣੇ ਸਭਿਆਚਾਰਕ ਵਿਰਸੇ ਨਾਲੋਂ ਟੁੱਟੇ ਹੋਣ ਦਾ ਇਕ ਕਾਰਨ ਇਸ ਦਾ ਸਿੱਖੀ ਪ੍ਰਧਾਨ ਹੋਣਾ ਵੀ ਹੈ। ਅਜੋਕਾ ਪੰਜਾਬ ਇਕ ਤਰ੍ਹਾਂ ਨਾਲ ਸਿੱਖ ਪੰਜਾਬ ਹੀ ਬਣ ਗਿਆ ਹੈ। ਤੇ ਸਧਾਰਨ ਸਿੱਖ ਲਈ ਸਭਿਆਚਾਰ ਦੀ ਉਮਰ ਪੰਜ ਸੌ ਵਰ੍ਹੇ ਤੋਂ ਵਧ ਨਹੀਂ। ਚਾਨਣ ਹੀ ਗੁਰੂ ਨਾਨਕ ਦੇ ਜਨਮ ਤੋਂ ਪਿਛੋਂ ਆਇਆ ਮੰਨਿਆ ਜਾਂਦਾ ਹੈ, ਇਸ ਤੋਂ ਪਹਿਲਾਂ ਤਾਂ ਅੰਧਕਾਰ ਹੀ ਸੀ। ਸਧਾਰਨ ਸਿੱਖ ਨੂੰ ਨਾ ਰਾਵਣ ਦੇ ਔਗੁਣਾਂ ਨਾਲ ਕੋਈ ਵਾਸਤਾ ਹੈ ਤੇ ਨਾ ਹੀ ਰਾਮਚੰਦਰ ਦੀ ਚੰਗਿਆਈ ਨਾਲ। ਉਸ ਲਈ ਕਦੀ ਕੋਈ ਦੇਵਤਾ ਡਿਗਿਆ ਨਹੀਂ ਤੇ ਨਾਂ ਹੀ ਕਿਸੇ ਦਰੋਪਦੀ ਦੇ ਕਦੀ ਚੀਰ ਹਰਨ ਹੋਏ ਹਨ। ਉਸ ਦੇ ਸਭਿਆਚਾਰ ਦੇ ਸੋਮੇਂ ਹੀ ਦੋ ਹਨ ਜਾਂ ਭਗਤੀ ਤੇ ਜਾਂ ਸੂਰਮਗਤੀ। ਹਾਂ ਕਿਧਰੇ ਕਿਧਰੇ ਪ੍ਰੀਤ ਕਿੱਸੇ ਵੀ ਉਸ ਦੀ ਦਿਲਚਸਪੀ ਦਾ ਕੇਂਦਰ ਬਣੇ ਹਨ। ਸ਼ਾਇਦ ਏਸ ਅਗਾਂਹ ਵਧੂ

Digitized by Panjab Digital Library | www.panjabdigilib.org

ਪੰਜਾਬੀ ਲਈ ਵੀ ਰਾਜਾ ਰਸਾਲੂ ਦਾ ਖੂਹ, ਪੂਰਨ ਦਾ ਟਿੱਲਾ, ਦੁੱਲੇ ਦੀ ਵਾਰ, ਹੀਰ ਦਾ ਬੇਲਾ, ਸੋਹਣੀ ਦੀ ਝਨਾਂ, ਨਾਨਕ ਦਾ ਪੰਜਾ, ਫ਼ਰੀਦ ਦਾ ਪਾਕਪਟਨ, ਮਿਰਜ਼ੇ ਦਾ ਦਾਨਾਬਾਦ, ਰਣਜੀਤ ਸਿੰਘ ਦੀ ਸਮਾਧ, ਲਾਹੌਰ ਦਾ ਕਿਲ੍ਹਾ ਤੇ ਸੂਫ਼ੀਆਂ ਦਾ ਸਾਹਿਤ, ਵਧੇਰੇ ਅਰਥ ਰਖਦੇ ਹਨ ਤੇ ਜਵਾਲਾਮੁਖੀ, ਨੈਣਾ ਦੇਵੀ, ਬਦਰੀਨਾਥ, ਬਿਆਸਾ, ਪਾਣੀਪਤ, ਕੁਰੂਕਸ਼ੇਤਰ ਤੇ ਗੋਬਿੰਦ ਸਿੰਘ ਦੀ ਚੰਡੀ ਨਹੀਂ। ਉਸ ਨੂੰ ਵਾਗ੍ਹਿਓਂ ਪਾਰ ਦੀ ਓਸ ਸਭਿਅਤਾ ਨਾਲ ਤਾਂ ਮੋਹ ਆਉਂਦਾ ਹੈ ਜਿਸ ਨਾਲੋਂ ਉਹ ਟੁੱਟ ਚੁਕਾ ਹੈ ਆਪਣੇ ਦੇਸ਼ ਦੀ ਓਸ ਸਭਿਅਤਾ ਨਾਲ ਨਹੀਂ ਜਿਥੋਂ ਦੇ ਬੁੱਧ ਤੇ ਜੈਨ ਦੁਨੀਆਂ ਭਰ ਨੂੰ ਪ੍ਰਭਾਵਤ ਕਰਦੇ ਆ ਰਹੇ ਹਨ। ਲਗ ਪਗ ਏਨੀ ਕੁ ਹੀ ਉਮਰ ਉਸ ਨੇ ਆਪਣੀ ਬੋਲੀ ਤੇ ਸਾਹਿਤ ਦੀ ਮਿਥੀ ਹੋਈ ਹੈ। ਉਸ ਦਾ ਸਾਹਿਤ ਗੁਰਬਾਣੀ ਤੋਂ ਸ਼ੁਰੂ ਹੁੰਦਾ ਹੈ ਤੇ ਸੂਫ਼ੀਆਂ ਦੀਆਂ ਕਾਫ਼ੀਆਂ ਕਿੱਸਾਕਾਰਾਂ ਦੇ ਕਿੱਸਿਆਂ ਤੱਕ ਸੀਮਤ ਰਹਿ ਜਾਂਦਾ ਹੈ। ਉਹਦੇ ਲਈ ਵੇਦਾਂ ਜਾਂ ਪੁਰਾਣਾਂ ਦਾ ਗਿਆਨ ਕੋਈ ਅਰਥ ਨਹੀਂ ਰਖਦਾ ਭਾਵੇਂ ਇਹ ਵੀ ਪੰਜਾਬ ਦੀ ਧਰਤੀ ਵਿਚ ਰਚੇ ਗਏ ਸਨ। ਇਸ ਰੁਚੀ ਦਾ ਕਾਰਨ ਸਭਿਆਚਾਰਕ ਹੇਜ ਹੀ ਹੈ ਜਿਸ ਦਾ ਵਰਣਨ ਪਹਿਲਾਂ ਕੀਤਾ ਗਿਆ ਹੈ।

ਹੁਣ ਵਿੱਦਿਆ, ਆਵਾਜਾਈ ਤੇ ਪ੍ਰਸਾਰ ਦੇ ਨਵੇਂ ਵਸੀਲਿਆਂ ਦਾ ਸਦਕਾ ਵਿੱਥਾਂ ਮਿਟ ਰਹੀਆਂ ਹਨ ਤੇ ਸਾਂਝਾਂ ਵਧ ਰਹੀਆਂ ਹਨ। ਅਜੋਕੇ ਪੰਜਾਬੀ ਦੇ ਨਾਇਕ ਭਗਤ ਸਿੰਘ, ਗੋਬਿੰਦ ਸਿੰਘ ਜਾਂ ਲਾਜਪਤ ਰਾਇ ਹੀ ਨਹੀਂ ਸਗੋਂ ਲੈਨਿਨ, ਹੋ ਚੀ ਮਿਨ੍ਹ, ਕਿੰਗ ਲੂਥਰ ਤੇ ਮਾਓ ਵੀ ਹਨ। ਏਥੋਂ ਤੱਕ ਕਿ ਵਿਕਸਤ ਪੱਛਮੀ ਦੇਸ਼ਾਂ ਵਿਚ ਤਾਂ ਮਹਾਤਮਾ ਬੁੱਧ ਨੂੰ ਵੀ ਮਣਾਂ ਮੂੰਹੀਂ ਸ਼ਰਧਾ ਮਿਲ ਰਹੀ ਹੈ।

ਸਥਾਨਕ ਪਕੜ ਉਸ ਜੁਗ ਦਾ ਲੱਛਣ ਸੀ ਜਦੋਂ ਉੱਤਰ ਦਾ ਵਸਨੀਕ ਦੱਖਣ ਦੇ ਤੇ ਪੱਛਮ ਦਾ ਪੂਰਬ ਦੇ ਮੇਲ ਵਿਚ ਨਹੀਂ ਸੀ ਆ ਸਕਦਾ। ਧਰਮ ਪਰੰਪਰਾ, ਬੋਲੀ ਤੇ ਸਮਾਜ ਸਮਾਂ ਪਾ ਕੇ ਸਭ ਪੁਰਾਣੇ ਹੋ ਜਾਂਦੇ ਹਨ। ਧਾਰਮਕ, ਸਮਾਜਕ ਤੇ ਸਭਿਆਚਾਰਕ ਰਜ਼ਾਈਆਂ ਵਿਚ ਬੜਾ ਨਿੱਘ ਹੁੰਦਾ ਹੈ, ਪਰ ਇਹ ਨਿੱਘ ਤਦ ਹੀ ਕਾਇਮ ਰਹਿੰਦਾ ਹੈ ਜੇ ਸਮੇਂ ਸਮੇਂ ਇਨ੍ਹਾਂ ਦਾ ਰੂੰ ਬਦਲਦੇ ਰਹੀਏ। ਕਈ ਵਾਰੀ ਨਿਰਾ ਰੂੰ ਬਦਲਿਆਂ ਨਹੀਂ ਸਰਦਾ, ਚੰਦਾ ਤੇ ਗਿਲਾਫ਼ ਵੀ ਬਦਲਨਾ ਪੈਂਦਾ ਹੈ ਤੇ ਸਾਰੀ ਦੀ ਸਾਰੀ ਰਜ਼ਾਈ ਵੀ।

Digitized by Panjab Digital Library | www.panjabdigilib.org

ਨਵੀਂ ਰਜ਼ਾਈ ਭਰਾਉਣ ਦੀ ਖੇਚਲ ਤਾਂ ਹੁੰਦੀ ਹੈ, ਪਰ ਇਹ ਖੇਚਲ ਰਜ਼ਾਈ ਓੜ੍ਹਦਿਆਂ ਸਾਰ ਹੀ ਭੁੱਲ ਜਾਂਦੀ ਹੈ। ਕੀ ਲੋਕਾਂ ਨੇ ਨਾਨਕ ਤੇ ਗੋਬਿੰਦ ਸਿੰਘ ਦੇ ਸਾਹਾਂ ਵਿਚੋਂ ਵਖੋ ਵਖਰਾ ਨਿੱਘ ਨਹੀਂ ਮਾਣਿਆ, ਇਹ ਜਾਣਦਿਆਂ ਹੋਇਆਂ ਵੀ ਕਿ ਗੋਬਿੰਦ ਸਿੰਘ ਦਾ ਮਾਰਗ ਨਾਨਕ ਵਾਲਾ ਨਹੀਂ ਸੀ। ਇਸੇ ਤਰ੍ਹਾਂ ਹੋਰਨਾਂ ਧਰਮਾਂ ਦੇ ਬੰਦਿਆਂ ਨੇ ਆਪੋ ਆਪਣੇ ਅਵਤਾਰਾਂ ਤੋਂ ਵਖੋ ਵਖਰਾ ਨਿੱਘ ਮਾਣਿਆ ਹੈ। ਇਹ ਸਾਰੇ ਮਹਾਂਪੁਰਖ ਨਵੀਆਂ ਰਜ਼ਾਈਆਂ ਭਰਦੇ ਰਹੇ ਹਨ।

ਇਹੀ ਗੱਲਾਂ ਬੋਲੀ ਬਾਰੇ ਸੱਚੀਆਂ ਹਨ। ਹਾਲੀ ਕੁਝ ਹੀ ਵਰ੍ਹੇ ਪਹਿਲਾਂ ਹਰ ਬਾਰਾਂ ਕੋਹਾਂ ਉਤੇ ਬੋਲੀ ਬਦਲਦੀ ਮੰਨੀ ਜਾਂਦੀ ਸੀ। ਹੁਣ ਵਿਗਿਆਨਕ ਉੱਨਤੀ ਕਾਰਨ ਵੀਹ ਗੁਣਾ ਪੈਂਡਾ ਓਨੇ ਹੀ ਸਮੇਂ ਵਿਚ ਤੈਅ ਹੋ ਜਾਂਦਾ ਹੈ। ਓਦੋਂ ਇਕ ਮਨੁੱਖ ਦੂਜੇ ਨਾਲ ਦੋ ਸਾਹਾਂ ਦੀ ਵਿੱਥ ਉਤੇ ਬਹਿ ਕੇ ਹੀ ਗੱਲ ਕਰ ਸਕਦਾ ਸੀ ਤੇ ਕੋਈ ਪਰਚਾਰਕ, ਕਵੀ ਤੇ ਭੱਟ ਇਕ ਬੈਠਕ ਵਿਚ ਸੌ ਤੋਂ ਵਧ ਬੰਦਿਆਂ ਤੱਕ ਆਪਣੀ ਆਵਾਜ਼ ਨਹੀਂ ਸੀ ਪਹੁੰਚਾ ਸਕਦਾ। ਹੁਣ ਸਾਹਾਂ ਦੀ ਸੀਮਾ ਟੈਲੀਫ਼ੋਨ ਨੇ ਤੋੜ ਦਿਤੀ ਹੈ ਤੇ ਸਮੂਹਾ ਦੀ ਰੇਡੀਓ ਅਤੇ ਟੈਲੀਵੀਜ਼ਨ ਨੇ। ਪੱਤਰਕਾਵਾਂ ਦਰਾਂ ਦੀਆਂ ਵਿਰਲਾਂ ਵਿਚੋਂ ਸਾਡੇ ਘਰੀਂ ਵੜ ਕੇ ਗਿਆਨ ਵੰਡ ਜਾਂਦੀਆਂ ਹਨ। ਆਵਾਜ਼ ੧੮,੦੦੦ ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਰੇਡੀਓ ਰਾਹੀਂ ਖੇਤਾਂ ਵਿਚ ਕੰਮ ਕਰਦਿਆਂ ਦੇ ਹੀ ਨਹੀਂ ਘਰਾਂ ਵਿਚ ਆਟਾ ਗੁੰਨ੍ਹਦੀਆਂ ਸੁਆਣੀਆਂ ਦੇ ਵੀ ਕੰਨ ਖੜੇ ਕਰ ਦਿੰਦੀ ਹੈ। ਇਹ ਸਾਰੇ ਲੋਕ ਆਪਣੇ ਕੰਨਾਂ ਨਾਲ ਟ੍ਰਾਂਜ਼ਿਸਟਰ ਲਾ ਕੇ ਅਜਿਹੀਆਂ ਬੋਲੀਆਂ ਦੇ ਗੀਤ ਤੇ ਨਾਟਕ ਹੀ ਨਹੀਂ ਸੁਣਦੇ ਜਿਹੜੀਆਂ ਉਨ੍ਹਾਂ ਦੀਆਂ ਮਾਵਾਂ ਨੂੰ ਪਤਾ ਹੀ ਨਹੀਂ ਸਨ ਸਗੋਂ ਅਜਿਹੀਆਂ ਖੇਡਾਂ ਦੇ ਨਤੀਜੇ ਵੀ ਸੁਣਦੇ ਹਨ ਜਿਹੜੀਆਂ ਨਾ ਹੀ ਉਨ੍ਹਾਂ ਆਪ ਖੇਡੀਆਂ ਹੁੰਦੀਆਂ ਹਨ ਤੇ ਨਾ ਹੀ ਉਨ੍ਹਾਂ ਦੇ ਪਿਉ ਦਾਦਿਆਂ ਨੇ। ਬੋਲੀ ਤੇ ਸਦਾਚਾਰ ਕਿੰਨਿਆ ਕੋਹਾਂ ਤੇ ਬਦਲਿਆ ਕਰੇਗਾ ਪ੍ਰਤੱਖ ਹੀ ਹੈ।

ਭਾਰਤੀ ਬੋਲੀਆਂ ਦੇ ਸੰਬੰਧ ਵਿਚ ਇਹ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਜਦੋਂ ਘਟ ਗਿਣਤੀ ਵਾਲਾ ਬ੍ਰਾਹਮਣਵਾਦ ਪ੍ਰਾਂਤਕ ਲੋਕ ਬੋਲੀਆਂ ਉਤੇ ਡੋਰੇ ਪਾ ਰਿਹਾ ਸੀ ਤਾਂ ਇਸ ਦਾ ਵਿਰੋਧ ਕੁਦਰਤੀ ਸੀ। ਉਸ ਵੇਲੇ ਬੰਗਲਾ, ਅਸਮੀਆਂ, ਕੱਨੜ, ਤਾਮਿਲ, ਤੇਲਗੂ ਤੇ ਬ੍ਰਜ ਬੋਲਣ ਵਾਲਿਆਂ ਦਾ

Digitized by Panjab Digital Library | www.panjabdigilib.org

ਵਿਧਰੋਹ ਵੀ ਸਮਝ ਆਉਂਦਾ ਸੀ, ਪਰ ਲੋਕ-ਰਾਜੀ ਸਰਕਾਰ ਵਿਚ ਪ੍ਰਾਂਤਕ ਬੋਲੀਆਂ ਨੂੰ ਰਾਸ਼ਟਰੀ ਬੋਲੀ ਦੀ ਛੂਹ ਤੋਂ ਬਚਾਉਣਾ ਕਿੰਨਾ ਕੁ ਠੀਕ ਸੀ ਉਹ ਬੋਲੀ ਦੇ ਆਧਾਰ ਉਤੇ ਬਣੇ ਤੇ ਹੋਰ ਬਣ ਰਹੇ ਸੂਬਿਆਂ ਦੀ ਗਿਣਤੀ ਤੋਂ ਪ੍ਰਤੱਖ ਹੈ। ਪ੍ਰਾਂਤਕ ਬੋਲੀਆਂ ਦਾ ਰੋਣਾ ਉਸ ਲਾਲੇ ਵਾਂਗ ਹੀ ਹੈ ਜਿਹੜਾ ਜੱਟ ਨੂੰ ਢਾਹ ਕੇ ਉਪਰ ਬੈਠਾ ਰੋਈ ਜਾ ਰਿਹਾ ਸੀ, ਏਸ ਡਰ ਤੋਂ ਕਿ ਜੇ ਜੱਟ ਉਤੇ ਆ ਗਿਆ ਤਾਂ ਬਹੁਤ ਮਾਰੇਗਾ। ਬ੍ਰਾਹਮਣਵਾਦ ਨੇ ਆਪਣੀ ਮੌਤੇ ਮਰ ਜਾਣਾ ਸੀ ਤੇ ਮਰ ਚੁਕਾ ਹੈ, ਪਰ ਇਸ ਤੋਂ ਬਚਦਿਆਂ ਜਿਹੜੇ ਪ੍ਰਾਂਤ ਪ੍ਰਾਂਤ ਵਿਚਕਾਰ ਪਾੜੇ ਪੈ ਗਏ ਹਨ ਇਨ੍ਹਾਂ ਨੂੰ ਮਿਟਦਿਆਂ ਹਾਲੀ ਅਨੇਕ ਵਰ੍ਹੇ ਲਗਣਗੇ। ਸਰਬ ਭਾਰਤੀ ਨੌਕਰੀਆਂ ਜਾਂ ਉਦਯੋਗਾਂ ਦੇ ਕਰਮਚਾਰੀ ਦਸ ਸਕਦੇ ਹਨ ਕਿ ਉਨ੍ਹਾਂ ਨੂੰ ਆਪਣੇ ਸੂਬੇ ਤੋਂ ਬਾਹਰ ਜਾ ਕੇ ਕਿਨ੍ਹਾਂ ਕਿਨ੍ਹਾਂ ਔਕੜਾਂ ਦਾ ਟਾਕਰਾ ਕਰਨਾ ਪੈਂਦਾ ਹੈ। ਧਰਮਾਂ, ਸਦਾਚਾਰਾਂ ਤੇ ਬੋਲੀਆਂ ਦੇ ਵਿਤਕਰੇ ਕਿੰਨੇ ਤੰਗ ਕਰਦੇ ਹਨ। ਸਦਾਚਾਰ ਤੇ ਬੋਲੀਆਂ ਦੇ ਕੇਂਦਰੀਕਰਣ ਵਿਚ ਲਾਭ ਹੀ ਲਾਭ ਹੈ।

ਬੜੀ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਅਸੀਂ ਵਿਸ਼ਵ-ਜਾਗ੍ਰਤੀ, ਵਿਸ਼ਵ-ਮਾਨਵਤਾ ਤੇ ਵਿਸ਼ਵ-ਨਾਗ੍ਰਿਕਤਾ ਦਾ ਨਾਅਰਾ ਲਾਉਂਦੇ ਹਾਂ ਤੇ ਦੂਜੇ ਪਾਸੇ ਆਪੋ ਆਪਣੇ ਧਰਮ, ਬੋਲੀ ਤੇ ਸਦਾਚਾਰ ਨੂੰ ਬੁਕਲ ਵਿਚ ਲੈ ਕੇ ਬੈਠੇ ਹਾਂ।

ਪਤਾ ਨਹੀਂ ਕਿਉਂ ਆਪਣੀਆਂ ਬੋਲੀਆਂ ਨੂੰ ਰਾਸ਼ਟਰੀ ਬੋਲੀ ਦੀ ਛੂਹ ਤੋਂ ਬਚਾਉਣ ਵਾਲੇ ਰਾਜ ਵੀ ਭਾਰਤ ਵਿਚ ਅਜਿਹੀ ਬੋਲੀ ਲਿਆਉਣ ਦੇ ਯਤਨ ਨਹੀਂ ਕਰਦੇ ਜਿਹੜੀ ਕਲ੍ਹ ਨੂੰ ਵਿਸ਼ਵ ਬੋਲੀ ਹੋਣ ਦਾ ਦਾਅਵਾ ਕਰ ਸਕੇ। ਸ਼ਾਇਦ ਏਸ ਲਈ ਕਿ ਵਿਸ਼ਵ ਬੋਲੀ ਦੀ ਹਾਲੀਂ ਨਾ ਹੀ ਆਤਮਾ ਵਿਖਾਈ ਦਿੰਦੀ ਹੈ ਤੇ ਨਾ ਹੀ ਜੁੱਸਾ। ਸੰਸਾਰ ਦੀ ਜਿਹੜੀ ਕੌਮੀਅਤ ਜਿਸ ਬੋਲੀ ਤੋਂ ਪ੍ਰੀਚਤ ਹੈ ਉਸੇ ਨੂੰ ਵਿਸ਼ਵ ਬੋਲੀ ਮੰਨਣ ਦੇ ਹੱਕ ਵਿਚ ਹੈ ਕਿਸੇ ਹੋਰ ਬੋਲੀ ਨੂੰ ਨਹੀਂ। ਉਹ ਬੋਲੀ ਅੰਗਰੇਜ਼ੀ, ਫ਼ਰਾਂਸੀਸੀ, ਸਪੇਨੀ, ਰੂਸੀ, ਚੀਨੀ ਕੋਈ ਵੀ ਹੋਵੇ।

ਵਿਸਵ ਨਾਗ੍ਰਿਕਤਾ ਜਾਂ ਵਿਸ਼ਵ ਭਾਈਚਾਰਾ ਕਿਥੋਂ ਤੱਕ ਸੰਭਵ ਹੈ ਇਸ ਬਾਰੇ ਭਵਿੱਖ ਬਾਣੀ ਕਰਨਾ ਕਠਨ ਹੈ। ਘਟੋ ਘਟ ਇਹ ਦਸਣਾ ਸੌਖਾ ਨਹੀਂ ਕਿ ਕਦੋਂ ਹੋਵੇਗਾ, ਪਰ ਵਿਸ਼ਵ-ਨਾਗਰਿਕਤਾ ਨੂੰ ਸੰਭਵ ਕਰਨ ਲਈ ਸਰਬ

Digitized by Panjab Digital Library | www.panjabdigilib.org

ਸਾਂਝਾ ਆਚਾਰ ਤੇ ਸਦਾਚਾਰ ਬੜੇ ਜ਼ਰੂਰੀ ਹਨ ਜਿਹੜੇ ਸਰਬ ਸਾਂਝੀ ਬੋਲੀ ਬਿਨਾਂ ਹੋਂਦ ਵਿਚ ਨਹੀਂ ਆ ਸਕਦੇ। ਸਾਂਝੀ ਬੋਲੀ ਲਈ ਸਾਂਝੀ ਲਿਪੀ ਵੀ ਓਨੀ ਹੀ ਜ਼ਰੂਰੀ ਹੈ। ਕਿਉਂਕਿ ਹਾਲ ਦੀ ਘੜੀ ਵਿਸ਼ਵ ਨਾਗ੍ਰਿਕਤਾ ਦਾ ਟੀਚਾ ਬਹੁਤ ਉੱਚਾ ਵਿਖਾਈ ਦਿੰਦਾ ਹੈ, ਇਸ ਲਈ ਰਾਸ਼ਟਰੀ ਨਾਗ੍ਰਿਕਤਾ ਦਾ ਸੰਕਲਪ ਤਾਂ ਕੀਤਾ ਹੀ ਜਾ ਸਕਦਾ ਹੈ। ਅਜਿਹੀ ਨਾਗ੍ਰਿਕਤਾ ਭਾਰਤ ਵਿਚ ਸੰਭਵ ਵੀ ਹੈ ਕਿਉਂਕਿ ਇਸ ਨੂੰ ਭੂਗੋਲਿਕ ਤੇ ਰਾਜਨੀਤਕ ਇਕਾਈ ਹੋਣ ਦਾ ਲਾਭ ਹੈ। ਭਾਰਤ ਲਈ ਸਾਂਝੀ ਬੋਲੀ ਤੇ ਸਾਂਝੀ ਲਿੱਪੀ ਜਾਂ ਸਾਂਝੇ ਸਭਿਆਚਾਰ ਦਾ ਸੰਕਲਪ ਕੇਵਲ ਪ੍ਰਾਂਤਕ ਤੇ ਫ਼ਿਰਕੂ ਰੁਚੀਆਂ ਦੇ ਆਧਾਰ ਉਤੇ ਹੀ ਨਿੰਦਿਆ ਜਾ ਸਕਦਾ ਹੈ, ਵਿਗਿਆਨਕ ਤੌਰ ਉਤੇ ਨਹੀਂ।

ਹਰ ਅਜਿਹੇ ਵਿਅਕਤੀ ਨੂੰ ਜਿਹੜਾ ਪੰਜਾਬੀ ਤੇ ਪੰਜਾਬੀਅਤ ਉਤੇ ਮਾਣ ਕਰਦਾ ਹੈ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਖੇਤਰ ਨੂੰ ਵਡੇ ਤੋਂ ਵਡਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਜੇ ਹੋਰ ਨਹੀਂ ਤਾਂ ਇਸ ਦੇ ਖੇਤਰ ਦੇ ਛੋਟਾ ਹੋਣ ਦੀ ਵਿਰੋਧਤਾ ਕਰਨੀ ਤਾਂ ਬਣਦੀ ਹੀ ਹੈ। ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਰਾਸ਼ਟਰੀ ਸਾਹਿਤ ਤੇ ਸਭਿਆਚਾਰ ਦਾ ਅੰਗ ਬਣਾਉਣ ਦਾ ਇਕੋ ਇਕ ਸਾਧਨ ਇਸ ਨੂੰ ਲਿੱਪੀ ਦੀ ਕੈਦ ਤੋਂ ਮੁਕਤ ਕਰਾਉਣਾ ਹੋ ਸਕਦਾ ਹੈ। ਉਂਜ ਤਾਂ ਉੱਨਤੀ ਪਸੰਦ ਵਿਅਕਤੀ ਦਾ ਫ਼ਰਜ਼ ਬਣਦਾ ਹੈ ਕਿ ਉਹ ਸਾਰੇ ਸੰਸਾਰ ਵਾਸਤੇ ਹੀ ਸਾਂਝੇ ਸਭਿਆਚਾਰ, ਬੋਲੀ ਤੇ ਲਿੱਪੀ ਦੀ ਮੰਗ ਕਰੇ, ਪਰ ਇਕ ਰਾਸ਼ਟਰ ਦੀ ਬੋਲੀ ਨੂੰ ਸਾਂਝਾ ਕਰਨ ਦਾ ਯਤਨ ਤਾਂ ਕਰਨਾ ਹੀ ਚਾਹੀਦਾ ਹੈ। ਮੈਂ ਹੋਰ ਭਾਰਤੀ ਬੋਲੀਆਂ ਬਾਰੇ ਤਾਂ ਨਹੀਂ ਕਹਿ ਸਕਦਾ, ਪਰ ਪੰਜਾਬੀ ਬਾਰੇ ਇਹ ਗੱਲ ਜ਼ਰੂਰ ਕਹਿ ਸਕਦਾ ਹਾਂ ਕਿ ਇਹ ਅਜ ਨਾਲੋਂ ਕਈ ਗੁਣਾ ਵਡੇ ਇਲਾਕੇ ਵਿਚ ਹਰਮਨ ਪਿਆਰੀ ਹੋ ਸਕਦੀ ਹੈ। ਇਸ ਦਾ ਮੂਲ ਕਾਰਨ ਇਸ ਦਾ ਉਸ ਬੋਲੀ ਦੇ ਨੇੜੇ ਹੋਣਾ ਹੈ ਜਿਹੜੀ ਪਹਿਲਾਂ ਰੇਖਤਾ ਨਾਂ ਨਾਲ ਜਾਣੀ ਜਾਂਦੀ ਸੀ ਤੇ ਹੁਣ ਉਰਦੂ ਨਾਂ ਨਾਲ। ਤੇ ਉਹ ਬੋਲੀ ਪੰਜਾਬ ਦੀ ਧਰਤੀ ਵਿਚੋਂ ਹੀ ਭਾਰਤੀ ਬੋਲੀਆਂ ਦੀ ਧਾੜਵੀਆਂ ਦੀ ਬੋਲੀ ਨਾਲ ਟੱਕਰ ਵਿਚੋਂ ਹੋਂਦ ਵਿਚ ਆਈ ਸੀ। ਇਸੇ ਬੋਲੀ ਨੂੰ ਅਜ ਰਾਸ਼ਟਰੀ ਬੋਲੀ ਦਾ ਨਾਂ ਦਿਤਾ ਗਿਆ ਹੈ। ਮੈਨੂੰ ਰਾਸ਼ਟਰੀ ਬੋਲੀ ਨਾਲ ਪੰਜਾਬੀ ਦੇ ਮੇਲ ਤੋਂ ਕੋਈ ਹਾਨੀ ਵਿਖਾਈ ਨਹੀਂ ਦਿੰਦੀ।

ਉਰਦੂ ਕਿਸੇ ਪ੍ਰਕਾਰ ਵੀ ਸ਼ੁਧ ਬੋਲੀ ਨਹੀਂ ਸੀ ਇਸੇ ਕਾਰਨ ਇਸ ਦਾ

Digitized by Panjab Digital Library | www.panjabdigilib.org

ਨਾ ਵੀ ਰੇਖਤਾ, ਭਾਵ ਖਿਚੜੀ, ਸੀ। ਹਿੰਦੁਸਤਾਨੀ ਉਰਦੂ ਦਾ ਹੀ ਸੁਧਰਿਆ ਹੋਇਆ ਰੂਪ ਹੈ। ਇਹੋ ਕਾਰਨ ਹੈ ਕਿ ਪੰਜਾਬੀ ਦੇ ਰਾਸ਼ਟ੍ਰੀ ਬੋਲੀ ਤਕ ਪਹੁੰਚਣ ਦੀ ਵਧੇਰੇ ਸੰਭਾਵਨਾ ਹੈ। ਬਹੁਤ ਸਾਰਾ ਸਫ਼ਰ ਤਾਂ ਏਨੇ ਨਾਲ ਹੀ ਤੈਅ ਹੋ ਸਕਦਾ ਹੈ ਜੇ ਇਸ ਨੂੰ ਕੇਂਦਰੀ ਲਿੱਪੀ ਦੇ ਦਿਤੀ ਜਾਵੇ। ਪਰ ਏਸ ਸਬੰਧ ਵਿਚ ਪੰਜਾਬੀਆਂ ਤੋਂ ਭੁੱਲ ਹੋ ਚੁਕੀ ਹੈ। ਜਦੋਂ ਇਸ ਨੂੰ ਦੇਵਨਾਗਰੀ ਲਿੱਪੀ ਵਿਚ ਲਿਖੇ ਜਾਣ ਦੀ ਤਜਵੀਜ਼ ਹੋਈ ਸੀ ਉਸ ਵੇਲੇ ਇਸ ਦਾ ਨਾ ਹੀ ਪੰਜਾਬ ਦੇ ਹਿੰਦੂਆਂ ਨੇ ਸੁਆਗਤ ਕੀਤਾ ਸੀ ਤੇ ਨਾ ਹੀ ਸਿੱਖਾਂ ਨੇ। ਸਿੱਖਾਂ ਨੂੰ ਦੇਵਨਾਗਰੀ ਲਿੱਪੀ ਪ੍ਰਵਾਨ ਕਰਦਿਆਂ ਸ਼ਾਇਦ ਆਪਣੇ ਧਾਰਮਕ ਵਿਰਸੇ ਨਾਲੋਂ ਟੁੱਟਣ ਦਾ ਡਰ ਸੀ ਹਿੰਦੂਆਂ ਨੂੰ ਪੰਜਾਬੀ ਸਾਹਿਤ ਦੇ ਦੇਵਨਾਗਰੀ ਵਿਚ ਲਿਖੇ ਜਾਣ ਨਾਲ ਸ਼ਾਇਦ ਸਿੱਖ ਧਰਮ ਵਿਚ ਜਾ ਫਸਣ ਦਾ, ਕਿਉਂਕਿ ਉਸ ਸਮੇਂ ਮੂਲ ਪੰਜਾਬੀ ਸਾਹਿਤ ਇਕ ਤਰ੍ਹਾਂ ਨਾਲ ਸਿੱਖ ਸਾਹਿਤ ਹੀ ਕਿਹਾ ਜਾ ਸਕਦਾ ਸੀ। ਲਿੱਪੀ ਦੀ ਕੈਦ ਨੇ ਪੰਜਾਬੀ ਬੋਲੀ ਤੇ ਸਾਹਿਤ ਨੂੰ ਕਦੀ ਵੀ ਸਰਬ ਸਾਂਝਾ ਨਹੀਂ ਬਣਨ ਦਿਤਾ, ਇਥੋਂ ਤਕ ਕਿ ਅੱਜ ਤਕ ਵੀ ਨਹੀਂ। ਏਸ ਬੋਲੀ ਦੇ ਇਕ ਧਾਰਮਕ ਫਿਰਕੇ ਨਾਲ ਨੱਥੀ ਹੋਣ ਕਾਰਨ ਹੀ ਸ਼ਾਇਦ ਇਸ ਦੇ ਪਾਠਕ ਵੀ ਸੀਮਤ ਰਹਿ ਗਏ। ਸਿੱਟਾ ਇਹ ਨਿਕਲਿਆ ਕਿ ਰਾਜਿੰਦਰ ਸਿੰਘ ਬੇਦੀ, ਖ਼ੁਸ਼ਵੰਤ ਸਿੰਘ ਤੇ ਬਲਵੰਤ ਸਿੰਘ ਹੀ ਨਹੀਂ ਕ੍ਰਿਸ਼ਨ ਚੰਦਰ, ਮੋਹਨ ਰਾਕੇਸ਼, ਮੁਲਕ ਰਾਜ ਅਨੰਦ, ਇਕਬਾਲ, ਫ਼ੈਜ਼ ਤੇ ਮੰਟੋ ਅਪਣੀ ਮਾਂ ਬੋਲੀ ਦੀ ਥਾਂ ਉਰਦੂ ਜਾਂ ਅੰਗਰੇਜ਼ੀ ਦੇ ਲੇਖਕ ਬਣ ਗਏ।

ਇਹ ਸੋਚਣਾ ਵੀ ਸ਼ਾਇਦ ਠੀਕ ਹੀ ਹੋਵੇ ਕਿ ਜੇ ਦੇਸ਼ ਦੀ ਵੰਡ ਪੰਜਾਹ ਵਰ੍ਹੇ ਪਹਿਲਾਂ ਹੋ ਗਈ ਹੁੰਦੀ ਤੇ ਜੇ ਉਸ ਵੇਲੇ ਉਦਾਰਚਿਤ ਪੰਜਾਬੀ ਦੇਵਨਾਗਰੀ ਨੂੰ ਅਪਣੀ ਲਿੱਪੀ ਮੰਨ ਲੈਂਦੇ ਤਾਂ ਉਪਰ ਦਸੇ ਬੁੱਧੀਜੀਵੀ ਵੀ ਪੰਜਾਬੀ ਦੇ ਹੀ ਸਾਹਿਤਕਾਰ ਹੁੰਦੇ ਤੇ ਅੱਜ ਤਕ ਪੰਜਾਬੀ ਬੋਲੀ ਹਿੰਦੀ ਤੇ ਉਰਦੂ ਆਦਿ ਦੇ ਅਨੇਕਾਂ ਸ਼ਬਦ ਹਜ਼ਮ ਕਰਕੇ ਭਾਰਤ ਦੀ ਸਭ ਤੋਂ ਵਧ ਪਿਆਰੀ ਤੇ ਸ਼ਕਤੀਸ਼ਾਲੀ ਬੋਲੀ ਤਾਂ ਹੋਣੀ ਹੀ ਸੀ ਸਭ ਤੋਂ ਵਧ ਵਸੋਂ ਦੀ ਬੋਲੀ ਵੀ ਹੁੰਦੀ। ਇਸ ਦੇ ਨਾਲ ਹੀ ਇਸ ਦਾ ਰਾਸ਼ਟ੍ਰੀ ਬੋਲੀ ਵਲ ਦਾ ਸਫ਼ਰ ਵੀ ਏਨਾ ਮੱਠਾ ਨਾ ਹੁੰਦਾ। ਇਕ ਪੰਜਾਬੀ ਹੋਣ ਦੇ ਨਾਤੇ ਮੈਨੂੰ ਪੰਜਾਬੀ ਬੁੱਧੀ ਦੇ ਏਧਰ ਓਧਰ ਡੁਲ੍ਹਣ ਦਾ ਬੜਾ ਅਫ਼ਸੋਸ ਹੈ ਭਾਵੇਂ ਇਹ ਭਾਵਨਾ ਵੀ ਮੇਰੇ ਪੰਜਾਬੀ ਪ੍ਰਤੀ ਹੇਜ ਵਿਚੋਂ ਹੀ ਜਨਮੀ ਹੈ ਜਿਹੜਾ ਕਿ ਵਿਗਿਆਨਕ ਕਸੌਟੀ

Digitized by Panjab Digital Library | www.panjabdigilib.org

ਉਤੇ ਪਰਖਿਆਂ ਪਰਵਾਨ ਨਹੀਂ ਹੋ ਸਕਦਾ। ਮੇਰੀ ਅਜ ਦੀ ਚਿੰਤਾ ਇਹ ਹੈ ਕਿ ਪੰਜਾਬ ਦੇ ਗ਼ੈਰ ਸਿੱਖਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਵੇ ਕਿ ਇਹ ਬੋਲੀ ਸਿੱਖਾਂ ਦੀ ਨਹੀਂ ਉਨ੍ਹਾਂ ਦੀ ਆਪਣੀ ਹੈ। ਮੈਂ ਅਜਿਹੀ ਲਿੱਪੀ ਵਿਚ ਲਿਖੇ ਜਾਣ ਦੇ ਵੀ ਹੱਕ ਵਿਚ ਹਾਂ ਜਿਹੜੀ ਉਨ੍ਹਾਂ ਨੂੰ ਪਰਵਾਨ ਹੋਵੇ ਭਾਵੇਂ ਇਹ ਲਿਪੀ ਸਿਖਣ ਲਈ ਮੈਨੂੰ ਇਕ ਵਾਰੀ ਫੇਰ ਸਕੂਲ ਜਾਣਾ ਪਵੇਗਾ। ਮੇਰੀ ਇਹ ਚਿੰਤਾ ਵੀ ਪੰਜਾਬੀ ਸਭਿਆਚਾਰ ਤੇ ਸਦਾਚਾਰ ਪ੍ਰਤੀ ਮੋਹ ਕਾਰਨ ਹੀ ਹੈ! ਜਿਉਂ ਜਿਉਂ ਉਰਦੂ ਤੇ ਅੰਗਰੇਜ਼ੀ ਵਰਗੀਆਂ ਸਰਬ ਭਾਰਤੀ ਬੋਲੀਆਂ ਦੇ ਪਾਠਕ ਘਟਦੇ ਜਾਂਦੇ ਹਨ ਮੇਰੀ ਚਿੰਤਾ ਵਧਦੀ ਜਾਂਦੀ ਹੈ ਕਿ ਮੇਰੇ ਸ਼ਕਤੀਸ਼ਾਲੀ ਪੰਜਾਬੀ ਜੀਵਨ ਦੇ ਚਿਤਰ, ਜਿਹੜੇ ਪੰਜਾਬੀ ਬੁੱਧੀ ਦਾ ਨਿਚੋੜ ਹਨ, ਜਾਂ ਤਾਂ ਸਮੁੱਚੇ ਭਾਰਤ ਵਿਚ ਪਹੁੰਚਣੇ ਹੀ ਨਹੀਂ ਤੇ ਜੇ ਪਹੁੰਚੇ ਵੀ ਤਾਂ ਅਜਿਹੇ ਅਨੁਵਾਦਾਂ ਦੁਆਰਾ ਪਹੁੰਚਣਗੇ ਜਿਹੜੇ ਮੌਲਿਕ ਸਾਹਿਤਕਾਰਾਂ ਦੀ ਪੱਤ ਬਣਾਉਣ ਦੀ ਥਾਂ ਰੋਲਣਗੇ ਹੀ।

ਪੰਜਾਬੀ ਤੇ ਰਾਸ਼ਟਰੀ ਬੋਲੀ ਨੂੰ ਇਕ ਦੂਜੀ ਦੁਆਰਾ ਅਮੀਰ ਕਰਨ ਦਾ ਇਹ ਸੁਝਾਓ ਏਸ ਲਈ ਵੀ ਬਣਦਾ ਹੈ ਕਿ ਪੰਜਾਬ ਕਿਰਸਾਣੀ ਖੰਡ ਹੈ। ਹਰੀ ਕ੍ਰਾਂਤੀ ਨੇ ਏਥੋਂ ਦੇ ਕਿਰਸਾਣਾਂ ਦੀ ਜੀਵਨ ਪੱਧਰ ਤੇ ਰਹਿਣੀ ਸਹਿਣੀ ਉਤੇ ਬੜਾ ਅਸਰ ਪਾਇਆ ਹੈ। ਥੋੜ੍ਹਾ ਫ਼ਜ਼ੂਲ ਖ਼ਰਚੀ ਵਿਚ ਵੀ ਵਾਧਾ ਹੋਇਆ ਹੈ। ਓਧਰੋਂ ਸਰਕਾਰ ਭੋਂ-ਸੀਮਾ ਦੇ ਨਿਯਮਾਂ ਦੁਆਰਾ ਪ੍ਰਤੀ ਬੰਦਾ ਭੋਂ ਘਟਾਈ ਜਾ ਰਹੀ ਹੈ। ਉਂਜ ਵੀ ਕਿਰਸਾਣਾਂ ਲਈ ਬਾਹਰਲੇ ਦੇਸ਼ਾਂ ਵਿਚ ਮਜ਼ਦੂਰੀ ਕਰਨ ਦੇ ਰਸਤੇ ਬੰਦ ਹੋ ਰਹੇ ਹਨ ਤੇ ਦੇਸ਼ ਵਿਚ ਮਜ਼ਦੂਰੀ ਕਰਨਾ ਉਹ ਆਪਣੀ ਹੱਤਕ ਸਮਝਦੇ ਹਨ। ਦੂਜੇ ਪ੍ਰਾਂਤਾਂ ਵਿਚ ਖ਼ਾਲੀ ਪਈਆਂ ਜ਼ਮੀਨਾਂ ਉਤੇ ਹੱਕ ਮਾਲਕੀ ਨਹੀਂ ਮਿਲਦਾ। ਪਰਿਵਾਰ ਨਿਯੋਜਨ ਵਿਚ ਜਿਸ ਚਾਨਣ ਦੀ ਲੀਕ ਦਿਖਾਈ ਦਿੰਦੀ ਹੈ ਉਸ ਪ੍ਰਤੀ ਛੋਟੀ ਹੀ ਭੋਂ ਉਤੇ ਗੁਜ਼ਾਰਾ ਹੋ ਜਾਣਾ ਹੈ। ਉਹ ਸਮਾਂ ਵੀ ਦੂਰ ਨਹੀਂ ਜਦੋਂ ਭੋਂ-ਮਾਲਕੀ ਤੋਂ ਪੈਦਾ ਹੋਇਆ ਮਾਣ ਤੇ ਉਦਾਰਤਾ ਖ਼ਤਮ ਹੋ ਜਾਣੀ ਹੈ। ਬੋਲੀ ਤੇ ਲਿੱਪੀ ਦੀ ਕੈਦ ਕੇਂਦਰੀ ਸੇਵਾਵਾਂ ਵਲ ਵੀ ਤੁਰਨ ਨਹੀਂ ਦੇਵੇਗੀ। ਏਥੇ ਵੀ ਉਸ ਲਈ ਰਖਸ਼ਾ ਦਾ ਮਹਿਕਮਾ ਹੀ ਰਹਿ ਜਾਣਾ ਹੈ ਤੇ ਉਹ ਵੀ ਅਫ਼ਸਰ ਬਣਨ ਲਈ ਨਹੀਂ ਸਿਪਾਹੀ ਬਣਨ ਲਈ। ਉਸ ਦਾ ਹਸ਼ਰ ਕਾਂਗੜੇ ਦੇ ਰਾਜਪੂਤਾਂ ਵਾਲਾ ਹੋਇਆ ਤਾਂ ਵੀ ਦੁੱਖ ਹੈ ਤੇ ਬਾਕੀ ਗ਼ਰੀਬ ਪ੍ਰਾਂਤਾਂ ਦੇ ਵਸਨੀਕਾਂ ਵਾਲਾ ਤਾਂ

Digitized by Panjab Digital Library | www.panjabdigilib.org

ਵੀ। ਖੇਤੀ ਉਤੇ ਨਿਰਭਰ ਉਸ ਕਿਰਸਾਣ ਤੇ ਉਸ ਦੇ ਭੋਂ-ਹੀਣ ਸਾਥੀਆਂ ਲਈ ਇਕ ਪਛੜੇ ਦੇਸ ਦੇ ਵਸਨੀਕ ਹੋਣ ਦੇ ਨਾਤੇ ਆਰਥਕ ਸੀਮਾ ਤੇ ਸੰਭਾਵਨਾ ਤੋਂ ਅੱਖਾਂ ਮੀਟਣਾ ਬਹੁਤ ਵਾਰੀ ਘਾਤਕ ਹੁੰਦਾ ਹੈ।

ਹੋ ਸਕਦਾ ਹੈ ਪੰਜਾਬੀ ਹਿੰਦੁਸਤਾਨੀ ਦੇ ਨੇੜੇ ਜਾਣ ਦੇ ਏਸ ਯਤਨ ਵਿਚ ਹਿੰਦੀ ਜਾਂ ਸੰਸਕ੍ਰਿਤ ਦੇ ਵੀ ਕਈ ਸ਼ਬਦ ਹਜ਼ਮ ਕਰ ਜਾਵੇ। ਪਰ ਸਾਂਝੀ ਭਲਾਈ ਦੇ ਪ੍ਰਸੰਗ ਵਿਚ ਅਜਿਹੇ ਸਿੱਟਿਆਂ ਤੋਂ ਘਬਰਾਉਣ ਦੀ ਲੋੜ ਨਹੀਂ। ਪੰਜਾਬੀ ਬੋਲੀ ਤੇ ਸਭਿਆਚਾਰ ਦੇ ਹਾਜ਼ਮੇ ਬਾਰੇ ਦੋ ਰਾਵਾਂ ਨਹੀਂ — ਜਿਥੇ ਅੰਗਰੇਜ਼ੀ ਤੇ ਉਰਦੂ ਦੇ ਸ਼ਬਦ ਹਜ਼ਮ ਕਰ ਗਈ ਹੈ ਉਥੇ ਹਿੰਦੀ ਸੰਸਕ੍ਰਿਤ ਦੇ ਵੀ ਕਰ ਲਵੇਗੀ। ਮੈਂ ਇਹ ਗੱਲ ਏਸ ਲਈ ਵੀ ਕਹਿੰਦਾ ਹਾਂ ਕਿ ਉਰਦੂ ਤੇ ਅੰਗਰੇਜ਼ੀ ਸਾਡੇ ਵਿਹੜੇ ਲਿਆ ਕੇ ਵਾੜਨ ਵਾਲੇ ਵਿਦੇਸ਼ੀ ਧਾੜਵੀ ਸਨ ਹਿੰਦੀ ਸੰਸਕ੍ਰਿਤ ਦੇ ਨੇੜੇ ਲਿਜਾਣ ਵਾਲੇ ਅਸੀਂ ਆਪ ਹੀ ਹਾਂ, ਕੁਝ ਕਾਰਨਾਂ ਕਰਕੇ ਸਾਨੂੰ ਆਪਣਾ ਚਿਹਰਾ ਦਿਖਾਈ ਨਹੀਂ ਦੇ ਰਿਹਾ। ਮੈਨੂੰ ਇਹ ਵੀ ਪਤਾ ਹੈ ਕਿ ਤੈਮੂਰ ਦੇ ਹਮਲੇ ਨੇ ਵਰਣ ਵੰਡ ਤੇ ਬ੍ਰਾਹਮਣੀ ਸਮਾਜ ਨੂੰ ਹੀ ਨਹੀਂ ਤੋੜਿਆ ਸਗੋਂ ਪੰਜਾਬੀ ਨੂੰ ਅਰਬੀ, ਫ਼ਾਰਸੀ ਤੇ ਤੁਰਕੀ ਦੇ ਸ਼ਬਦ ਵੀ ਹਜ਼ਮ ਕਰਵਾਏ ਸਨ। ਪਰ ਮੈਨੂੰ ਹਮਲਾਆਵਰਾਂ ਦੁਆਰਾ ਵਿੱਦਤ ਹੋਣ ਨਾਲੋਂ ਆਪਣੇ ਆਪ ਹੀ ਵਿਦਿੱਤ ਹੋਣਾ ਪਸੰਦ ਹੈ।

ਹੁਣ ਜਦੋਂ ਪੰਜਾਬੀ ਸੂਬਾ ਬਣ ਚੁਕਾ ਹੈ ਤੇ ਪੰਜਾਬੀ ਸਾਹਿਤ ਸਿੱਖ ਸਾਹਿਤ ਵੀ ਨਹੀਂ ਰਿਹਾ, ਸਿੱਖਾਂ ਤੇ ਗੈਰ ਸਿੱਖਾਂ ਨੂੰ ਪੰਜਾਬੀ ਦੇ ਦੇਵਨਾਗਰੀ ਲਿੱਪੀ ਵਿਚ ਲਿਖੇ ਜਾਣ ਉਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਹੋਰ ਨਹੀਂ ਤਾਂ ਘਟੋ ਘਟ ਸਰਕਾਰੀ ਪੱਧਰ ਉਤੇ ਏਨਾ ਕੁ ਯਤਨ ਤਾਂ ਹੋ ਹੀ ਸਕਦਾ ਹੈ ਕਿ ਪੰਜਾਬੀ ਜੀਵਨ ਦੇ ਵਧੀਆ ਚਿਤਰ ਪੇਸ਼ ਕਰਨ ਵਾਲਾ ਪੰਜਾਬੀ ਸਾਹਿਤ ਦੇਵਨਾਗਰੀ ਲਿੱਪੀ ਵਿਚ ਛਾਪ ਕੇ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਡੁੱਗਰ ਤੇ ਹਿਮਾਚਲ ਵਿਚ ਪਹੁੰਚਾਇਆ ਜਾਵੇ।

ਮੇਰਾ ਇਹ ਸੁਝਾਓ ਨਿਰਾ ਪੰਜਾਬੀ ਬੋਲੀ ਤੇ ਸਾਹਿਤ ਨਾਲ ਰੁੱਸੇ ਹੋਏ ਪੰਜਾਬੀਆਂ ਨੂੰ ਮਨਾਉਣ ਹਿਤ ਹੀ ਨਹੀਂ ਇਸ ਪ੍ਰਕਾਰ ਪੰਜਾਬੀ ਦਰਿਆਦਿਲੀ, ਬੋਲੀ ਤੇ ਸਭਿਆਚਾਰ, ਜਿਸ ਦੀ ਸ਼ਕਤੀ ਬਾਰੇ ਕਿਸੇ ਪਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ, ਦੇ ਅਜੋਕੇ ਨਿੱਕੇ ਹੋਏ ਪੰਜਾਬ ਦੀਆਂ ਹੱਦਾਂ ਟੱਪਣ ਦੀ ਵੀ ਸੰਭਾਵਨਾ ਹੈ।

Digitized by Panjab Digital Library | www.panjabdigilib.org

ਬੋਲੀ ਦੇ ਮਾਧਿਅਮ ਤੋਂ ਬਿਨਾਂ ਪੰਜਾਬੀ ਸਭਿਆਚਾਰ ਨੂੰ ਰੇਡੀਓ, ਫ਼ਿਲਮਾਂ ਤੇ ਟੈਲੀਵੀਯਨ ਦੁਆਰਾ ਵੀ ਦੂਜੇ ਪ੍ਰਾਂਤਾਂ ਵਿਚ ਭਿਜਵਾਣ ਦਾ ਯਤਨ ਜ਼ਰੂਰੀ ਹੈ। ਹੋਰ ਨਹੀਂ ਤਾਂ ਪੰਜਾਬ ਸਰਕਾਰ ਦਾ ਏਨਾ ਤਾਂ ਫ਼ਰਜ਼ ਬਣਦਾ ਹੀ ਹੈ ਕਿ ਗਿੱਧਾ, ਭੰਗੜਾ, ਝੁੰਮਰ ਆਦਿ ਲੋਕ ਨਾਚਾਂ ਦੀਆਂ ਟੋਲੀਆਂ ਤੇ ਇਕੜ ਦੁੱਕੜ ਗੀਤਕਾਰਾਂ ਤੇ ਸੰਗੀਤਕਾਰਾਂ ਨੂੰ ਦੂਜੇ ਪ੍ਰਾਂਤਾਂ ਵਿਚ ਭੇਜੇ ਅਤੇ ਉਨ੍ਹਾਂ ਦੇ ਕਲਾਕਾਰ ਪੰਜਾਬ ਵਿਚ ਬੁਲਾਵੇ। ਅਜਿਹੇ ਪੈਰ ਪੁਟਿਆਂ ਹੀ ਸਭਿਆਚਾਰਾਂ ਦਾ ਮੇਲ ਹੋ ਸਕਦਾ ਹੈ। ਇਹ ਠੀਕ ਹੈ ਕਿ ਸਰਕਾਰੀ ਪੱਧਰ ਉਤੇ ਚੁਕਿਆ ਕੋਈ ਕਦਮ ਸੌ ਫ਼ੀ ਸਦੀ ਠੀਕ ਨਹੀਂ ਹੁੰਦਾ, ਪਰ ਮੈਂ ਇਹ ਵੀ ਜਾਣਦਾ ਹਾਂ ਕਿ ਜੇ ਪੰਜਾਬ ਸਰਕਾਰ ੧੯੫੩ ਵਿਚ ਭੰਗੜੇ ਨੂੰ ਪੰਜਾਬ ਦੇ ਪ੍ਰਤੀਨਿਧ ਨਾਚ ਦੇ ਤੌਰ ਉਤੇ ਗਣਤੰਤ੍ਰ ਦਿਵਸ ਉਤੇ ਨਾ ਵਿਖਾਉਂਦੀ ਤਾਂ ਇਹ ਏਡੀ ਛੇਤੀ ਏਨਾ ਹਰਮਨ ਪਿਆਰਾ ਨਹੀਂ ਸੀ ਹੋਣਾ। ਜੇ ਭੰਗੜੇ ਨੂੰ ਪੰਜਾਬੀ ਸਭਿਆਚਾਰ ਦਾ ਚਿੰਨ੍ਹ ਮੰਨ ਲਿਆ ਜਾਵੇ ਤਾਂ ਇਹ ਗੱਲ ਵੀ ਸਹਿਜੇ ਹੀ ਮੰਨੀ ਜਾਵੇਗੀ ਕਿ ਸਭਿਆਚਾਰ ਤੇ ਸਾਹਿਤ ਦੇ ਬਾਕੀ ਪੰਜਾਬੀ ਅੰਗ ਵੀ ਏਨੀ ਹੀ ਫੁਰਤੀ ਨਾਲ ਪ੍ਰਵਾਨੇ ਜਾਣਗੇ। ਅਸਲ ਵਿਚ ਅਜਿਹੇ ਕਾਰਜਾਂ ਲਈ ਪੈਸੇ ਤੇ ਜਥੇਬੰਦੀ ਦੀ ਲੋੜ ਹੁੰਦੀ ਹੈ ਜਿਹੜੀ ਕਿ ਸਰਕਾਰ ਕੋਲ ਹੁੰਦੀ ਹੈ। ਸਰਕਾਰ ਨੂੰ ਵੀ ਪਰਜਾ ਦਾ ਇਹ ਪੈਸਾ ਪਰਜਾ ਦੇ ਹਿੱਤਾਂ ਲਈ ਲਾਉਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬੀ ਅਤੇ ਪੰਜਾਬੀਅਤ

ਵਿਜੈ ਚੌਹਾਨ
ਦੇਸ਼ਬੰਧੂ ਗੁਪਤਾ ਕਾਲਜ (ਈਵਨਿੰਗ)
ਕਾਲਕਾਜੀ, ਨਵੀਂ ਦਿਲੀ

Digitized by Panjab Digital Library | www.panjabdigilib.org

ਕੌਮੀਅਤ ਦਾ ਅਧਾਰ ਨਸਲ ਜਾਂ ਮਜ਼ਹਬ ਨਹੀਂ ਬਲਕਿ ਲੋਕਾਂ ਦੀ ਜਜ਼ਬਾਤੀ ਜ਼ਿੰਦਗੀ, ਸੋਚਣ, ਮਹਿਸੂਸ ਕਰਨ ਅਤੇ ਅਮਲ ਦੇ ਉਹ ਨਮੂਨੇ ਹੁੰਦੇ ਹਨ, ਜਿਨ੍ਹਾਂ ਦਾ ਪ੍ਰਗਟਾਵਾ ਉਨ੍ਹਾਂ ਦੀ ਫ਼ਿਲਾਸਫ਼ੀ, ਬੋਲੀ, ਸਾਹਿਤ ਪਰੰਪਰਾ, ਜੀਵਨ ਅਤੇ ਸੰਸਾਰ ਦੇ ਪ੍ਰਤਿ ਦ੍ਰਿਸ਼ਟੀਕੋਣ ਰਾਹੀਂ ਹੁੰਦਾ ਹੈ। ਇਸ ਨਜ਼ਰੀਏ ਦੇ ਨਿਰਮਾਣ ਵਿਚ ਪੁਰਾਣੀਆਂ ਇਤਿਹਾਸਕ ਯਾਦਾਂ ਅਤੇ ਸਾਂਝੇ ਤਜਰਬੇ ਬਹੁਤ ਮਹੱਤਵ ਰਖਦੇ ਹਨ, ਅਤੇ ਉਸ ਤੋਂ ਵੀ ਜ਼ਿਆਦਾ ਇਕ ਇਹ ਅਹਿਸਾਸ ਕਿ ਖ਼ਾਸ ਸਾਹਿਤ ਅਤੇ ਕਲਾ ਸਾਡਾ ਵਿਰਸਾ ਹੈ, ਕੌਮੀਅਤ ਨੂੰ ਅਰਥਪੂਰਣ ਬਣਾਉਂਦਾ ਹੈ। ਇਹ ਹੋ ਸਕਦਾ ਹੈ ਕਿ ਕਿਸੇ ਕੌਮੀਅਤ ਨੂੰ ਆਪਣੇ ਵਿਰਸੇ ਦਾ ਅਹਿਸਾਸ ਨਾ ਹੋਵੇ ਅਤੇ ਉਹ ਹੁਣ ਤੀਕ ਆਪਣੇ ਆਪ ਨੂੰ ਸਿਰਫ਼ ਜੱਟ, ਸਿਖ ਅਤੇ ਖਤੱਰੀ ਅਰੋੜੇ ਹੀ ਸਮਝਦੇ ਹੋਣ। ਕੌਮੀਅਤ ਦਾ ਇਹ ਅਹਿਸਾਸ ਦੇਸ਼ ਦੀ ਏਕਤਾ ਦੇ ਰਸਤੇ ਵਿਚ ਰੁਕਾਵਟ ਨਹੀਂ ਪਾਉਂਦਾ ਬਲਕਿ ਉਸ ਨੂੰ ਹੋਰ ਮਜ਼ਬੂਤ ਬਣਾਉਣ ਵੱਲ ਪਹਿਲਾ ਕਦਮ ਹੈ। ਟੋਇਨਬੀ ਦੇ ਅਨੁਸਾਰ ਵੀਹਵੀਂ ਸਦੀ ਯੂਨੀਵਰਸਲ ਹਿਸਟਰੀ ਦੀ ਸਦੀ ਹੈ— ਹਰ ਕਲਚਰ ਦੁਨੀਆਂ ਦੇ ਸਭਿਆਚਾਰਕ ਵਿਰਸੇ ਨੂੰ ਕੁਝ ਨਾ ਕੁਝ ਨਵੀਂ ਚੀਜ਼ ਦੇ ਕੇ ਜ਼ਿਆਦਾ ਅਮੀਰ ਬਣਾ ਸਕਦੀ ਹੈ। ਲੋਕਾਂ ਦੀ ਸ਼ਖਸੀਅਤ ਅਤੇ ਸੰਭਾਵਨਾਵਾਂ ਦੇ ਪੂਰਨ ਵਿਕਾਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੀ ਕਲਚਰ ਖ਼ੁਦ ਮੁਖ਼ਤਿਆਰ ਹੋਵੇ। ਉਸ ਨੂੰ ਆਪਣੇ ਟੀਚੇ ਪਰਿਭਾਸ਼ਤ ਕਰਨ ਦੀ ਅਜ਼ਾਦੀ ਹੋਵੇ। ਇਤਿਹਾਸ ਦਾ ਇਹ ਵੇਲਾ ਸਭ ਕਲਚਰਾਂ ਦੀ ਬਰਾਬਰੀ ਅਤੇ ਖ਼ੁਦਮੁਖ਼ਤਿਆਰੀ ਦਾ ਵੇਲਾ ਹੈ ਜਿਸ ਦੇ ਬਗ਼ੈਰ ਕਿਸੇ ਮੁਲਕ ਦੀ ਕਲਚਰਲ ਪਾਲਸੀ ਕਾਮਯਾਬ ਨਹੀਂ ਹੋ ਸਕਦੀ।

ਪੰਜਾਬੀਅਤ ਦਾ ਕੰਸੈਪਟ ਪੰਜਾਬੀ ਅਖਵਾਉਣ ਵਾਲੇ ਲੋਕਾਂ ਦੀਆਂ ਉਨ੍ਹਾਂ ਖ਼ਾਸੀਅਤਾਂ ਦਾ ਟੋਟਲ ਹੈ ਜਿਨ੍ਹਾਂ ਕਰਕੇ ਪੰਜਾਬੀ ਆਪਣੇ ਆਪ ਨੂੰ ਪੰਜਾਬੀ ਦੀ ਸ਼ਕਲ ਵਿਚ ਪਹਿਚਾਣਦੇ ਹਨ। ਇਹ ਕੰਸੈਪਟ ਸ਼ਖ਼ਸੀਅਤ

Digitized by Panjab Digital Library | www.panjabdigilib.org

ਦੀਆਂ ਉਨ੍ਹਾਂ ਟਰੇਟਸ, ਕਦਰਾਂ ਅਤੇ ਨਜ਼ਰੀਏ ਨਾਲ ਮਿਲ ਕੇ ਬਣਿਆ ਹੈ ਜਿਨ੍ਹਾਂ ਵਿਚ ਪੰਜਾਬੀ ਨੂੰ ਆਪਣੀ ਜ਼ਿੰਦਗੀ ਦਾ ਰੈਸ਼ਨੇਲ ਮਿਲਦਾ ਹੈ। ਸਾਰੀ ਦੁਨੀਆਂ ਵਿਚ ਪੰਜਾਬ ਸਿਰਫ਼ ਇਕ ਐਸੀ ਥਾਂ ਹੈ ਜਿਥੇ ਪੰਜਾਬੀ ਆਪਣੇ ਆਪ ਨੂੰ "ਦੇਸੀ ਜਾਂ ਲੋਕਲ" ਸਮਝਦਾ ਹੈ। ਸਦੀਆਂ ਦੇ ਸਾਂਝੇ ਤਜਰਬਿਆਂ ਨੇ ਪੰਜਾਬੀਅਤ ਦੇ ਨਮੂਨਿਆਂ ਨੂੰ ਸਵਾਰਿਆ-ਨਿਖਾਰਿਆ ਹੈ — ਸੰਸਾਰ ਨੂੰ ਦੇਖਣ ਸਮਝਣ ਅਤੇ ਰਿਐਕਟ ਕਰਨ, ਤੇ ਆਪਣੇ ਆਪ ਨੂੰ ਪਰਿਭਾਸ਼ਿਤ ਕਰਨ ਦੇ ਕਈ ਪ੍ਰਮਾਣਿਕ ਨਮੂਨੇ ਉਭਰੇ ਹਨ। ਜੱਟ ਦੇ, ਘਰ ਜਾ ਕੇ ਬਹਿਸਣ ਵਾਲੀ ਸਵਿਤਰੀ, ਭਰੀ ਕਚਹਿਰੀਆਂ ਵਿਚ ਦਲੀਲਾਂ ਦੇਣ ਵਾਲੀ ਹੀਰ, ਜ਼ਾਲਮਾ ਨਾਲ ਟੱਕਰ ਲੈਣ ਵਾਲੇ ਗੁਰੂ ਗੋਬਿੰਦ ਸਿੰਘ ਅਤੇ ਦੁੱਲਾ ਭੱਟੀ ਵਰਗੀਆਂ ਸ਼ਖ਼ਸੀਅਤਾਂ ਦੇ ਪੈਟਰਨ ਬਾਰ ਬਾਰ ਉਭਰ ਕੇ ਸਾਹਮਣੇ ਆਉਂਦੇ ਹਨ। ਹਰ ਕੌਮ ਦੇ ਖ਼ਾਸ ਲੱਛਣ ਉਸ ਵੇਲੇ ਖ਼ਾਸ ਤੌਰ ਤੇ ਪ੍ਰਗਟ ਹੁੰਦੇ ਹਨ ਜਿਸ ਵੇਲੇ ਉਸ ਕੌਮ ਨੂੰ ਦਬਾਇਆ ਜਾ ਰਿਹਾ ਹੋਵੇ ਜਾਂ ਉਹ ਆਪਣੀ ਕਲਚਰ ਦੇ ਟੀਚਿਆਂ ਲਈ ਜਦੋ ਜਹਿਦ ਕਰ ਰਹੀ ਹੋਵੇ, ਭਾਵੇਂ ਇਹ ਜਦੋ ਜਹਿਦ ਮੁਗ਼ਲ ਅਤੇ ਬ੍ਰਿਟਿਸ਼ ਸਾਮਰਾਜ ਦੇ ਖ਼ਿਲਾਫ਼ ਹੋਵੇ, ਭਾਵੇਂ ਕੁਰੱਪਟ ਮਹੰਤਾਂ ਦੇ ਖ਼ਿਲਾਫ਼ ਹੋਵੇ, ਭਾਵੇਂ ਸ਼ਖ਼ਸੀਅਤ ਦੀਆਂ ਬੁਨਿਆਦੀ ਟ੍ਰੇਟਸ ਨਾਲ ਟਕਰਾਉਣ ਵਾਲੀਆਂ ਪਰੰਪਰਾਵਾਂ ਦੇ ਖ਼ਿਲਾਫ਼ ਹੋਵੇ। ਇਨ੍ਹਾਂ ਜਦੋ ਜਹਿਦਾਂ ਦਾ ਇਤਿਹਾਸ ਅਤੇ ਉਸ ਦੀਆਂ ਯਾਦਾਂ ਹੀ ਉਹ ਤਾਰ ਹਨ ਜੋ ਵੱਖ ਵੱਖ ਦਿਲਚਸਪੀਆਂ ਦੇ ਬਾਵਜੂਦ ਹੁਸ਼ਿਆਰਪੁਰ ਜ਼ਿਲੇ ਦੇ ਕਿਸਾਨ ਨੂੰ ਪੰਜਾਬੀ ਸਾਇੰਟਿਸਟ, ਕਲਾਕਾਰ ਅਤੇ ਲੇਖਕ ਦੇ ਨਾਲ ਇਕ ਲੜੀ ਵਿਚ ਪਰੋਂਦੀਆਂ ਹਨ।

ਇਸ ਵੇਲੇ ਏਸ਼ੀਆ ਅਤੇ ਅਫ਼ਰੀਕਾ ਦੀਆਂ ਨਵੀਆਂ ਆਜ਼ਾਦ ਹੋਈਆਂ ਕੌਮਾਂ ਵੀ ਆਪਣੀ ਆਈਡੈਂਟਿਟੀ ਦੀ ਤਲਾਸ਼ ਵਿਚ ਹਨ। ਸਭ ਦੇ ਸਾਹਮਣੇ ਵੱਡੀ ਸਮੱਸਿਆ ਇਹ ਹੈ ਕਿ ਆਪਣੀ ਸ਼ਖ਼ਸੀਅਤ ਦੀ ਆਜ਼ਾਦੀ ਨੂੰ ਕਾਇਮ ਰਖਦਿਆਂ ਹੋਇਆਂ ਉਹ ਕਿਸ ਤਰ੍ਹਾਂ ਮਾਡਰਨ ਬਣ ਸਕਦੀਆਂ ਹਨ। ਉਪਨਿਵੇਸ਼ਵਾਦੀ ਤਾਕਤਾਂ ਦੇ ਆਰਥਕ ਢਾਂਚੇ ਦੇ ਨਾਲ ਨਾਲ ਲੋਕਾਂ ਦੇ ਸਭਿਆਚਾਰ ਨੂੰ ਵੀ ਸਖ਼ਤ ਨੁਕਸਾਨ ਪਹੁੰਚਾਇਆ ਹੈ, ਇਤਿਹਾਸ ਦੀਆਂ ਗ਼ਲਤ ਬਿਆਨੀਆਂ ਰਾਹੀਂ ਲੋਕਾਂ ਵਿਚ ਹੀਨ ਭਾਵਨਾ ਪੈਦਾ ਕੀਤੀ ਹੈ, ਆਪਣੀ ਖ਼ੁਦਗਰਜ਼ੀ ਪੂਰੀ ਕਰਨ ਦੇ ਸਾਧਨ ਬਣਾਉਣ ਲਈ ਲੋਕਾਂ

Digitized by Panjab Digital Library | www.panjabdigilib.org

ਦੀਆਂ ਪਰੰਪਰਾਵਾਂ ਨੂੰ ਤੋੜ ਮਰੋੜ ਕੇ ਆਪਣੇ ਸਵਾਰਥਾਂ ਲਈ ਵਰਤਿਆ ਹੈ।

ਸਾਇੰਸ ਅਤੇ ਟੈਕਨਾਲੋਜੀ ਨੇ ਵੀ ਖ਼ਾਸ ਕਿਸਮ ਦੀਆਂ ਸਮੱਸਿਆਵਾਂ ਖੜੀਆਂ ਕੀਤੀਆਂ ਹਨ। ਇਕ ਪਾਸੇ ਇਹ ਬਰਾਬਰੀ ਮਨੁੱਖੀ ਬਰਾਬਰੀ ਲਈ ਪਰਿਸਥਿਤੀਆਂ ਪੈਦਾ ਕਰਦੀ ਹੈ ਦੂਜੇ ਪਾਸੇ ਤੇਜ਼ੀ ਨਾਲ ਹੋਣ ਵਾਲੀਆਂ ਤਬਦੀਲੀਆਂ ਸ਼ਖ਼ਸੀਅਤ ਤੇ ਡੂੰਘਾ ਦਬਾਅ ਪਾਉਂਦੀਆਂ ਹਨ। ਖ਼ਾਸ ਤੌਰ ਤੇ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੂੰ ਲੋਕ ਕਲਚਰ ਦੇ ਬਾਅਦ ਫ਼ੌਰਨ ਇੰਡਸਟਰੀਅਲ ਕਲਚਰ ਅਪਣਾਉਣੀ ਪੈ ਗਈ ਹੈ, ਜਿਸ ਵਿਚ ਕਈ ਅਜੇਹੀਆਂ ਚੀਜ਼ਾਂ ਵੀ ਹੁੰਦੀਆਂ ਹਨ ਜੋ ਆਪਣੇ ਅੰਦਰੋਂ ਸਹਿਜ (Organic growth) ਰੂਪ ਵਿਚ ਵਿਕਸਤ ਨਹੀਂ ਹੁੰਦੀਆਂ। ਪੂਰਨ ਸਿੰਘ ਦੀ ਕਵਿਤਾ ਵਿਚ ਬਾਰ ਬਾਰ ਇਹ ਸ਼ਿਕਾਇਤ ਕੀਤੀ ਗਈ ਹੈ ਕਿ ਪੁਰਾਣੀਆਂ ਕਦਰਾਂ ਬੇਰਹਿਮੀ ਨਾਲ ਖੋਹ ਲਈਆਂ ਗਈਆਂ ਹਨ, ਪਰ ਬਦਲੇ ਵਿਚ ਨਵੀਆਂ ਕਦਰਾਂ ਨਹੀਂ ਮਿਲੀਆਂ — ਨਾ ਹੀ ਨਵੀਂ ਕਲਚਰ ਵਿਚ ਇਨਸਾਨੀ ਪਿਆਰ ਅਤੇ ਭਾਈਚਾਰੇ ਦੀ ਹੀ ਕੋਈ ਥਾਂ ਹੈ। ਇਲਾਜ ਮਰਜ਼ ਤੋਂ ਜ਼ਿਆਦਾ ਖ਼ਤਰਨਾਕ ਸਾਬਿਤ ਹੋਇਆ ਹੈ।

ਪੰਜਾਬੀਅਤ ਦੇ ਸੰਕਟ ਨੇ ਸਭ ਤੋਂ ਵੱਡਾ ਸਵਾਲ ਇਹ ਪੈਦਾ ਕੀਤਾ ਹੈ ਕਿ ਕਿਸ ਤਰ੍ਹਾਂ ਇਕ ਅਜੇਹੀ ਨਵੀਂ ਕਲਚਰ ਬਣਾਈ ਜਾਏ ਜੋ ਨਵੀਂ ਟੈਕਨਾਲੋਜੀ ਵਰਤ ਕੇ ਵੀ ਆਪਣੀ ਸ਼ਖ਼ਸੀਅਤ ਅਤੇ ਆਈਡੈਂਟਿਟੀ ਨੂੰ ਖ਼ਤਮ ਨਾ ਹੋਣ ਦੇਵੇ। ਕਿਤੇ ਜ਼ਾਤਪਾਤ ਵਾਲੇ ਸਮਾਜ ਦੇ ਬਿਗਾਨੇਪਨ ਦੇ ਨਾਲ ਨਾਲ ਨਵੇਂ ਢੰਗ ਦਾ ਬਿਗਾਨਾਪਨ ਵੀ ਨਾ ਸਹੇੜਨਾ ਪਵੇ।

ਇਸ ਲਈ ਇਹ ਜ਼ਰੂਰੀ ਹੈ ਕਿ ਪੰਜਾਬੀ ਕਲਚਰ ਦੇ ਵਿਰਸੇ, ਪੰਜਾਬੀ ਸ਼ਖ਼ਸੀਅਤ ਦੀ ਵੰਨਗੀ ਦਾ ਵਿਗਿਆਨਿਕ ਅਧਿਐਨ ਕੀਤਾ ਜਾਏ ਤਾਕਿ ਸਾਨੂੰ ਉਨ੍ਹਾਂ ਬੁਨਿਆਦੀ ਕਦਰਾਂ (Core Values) ਦਾ ਸਹੀ ਗਿਆਨ ਹਾਸਲ ਹੋ ਸਕੇ ਜੋ ਅਨੇਕਾਂ ਤਬਦੀਲੀਆਂ ਦੇ ਬਾਵਜੂਦ ਵੀ ਮੌਜੂਦ ਰਹੀਆਂ ਹਨ ਅਤੇ ਹਰ ਵਾਰ ਨਵਾਂ ਰੂਪ ਵਟਾ ਕੇ ਸਾਹਮਣੇ ਆਉਂਦੀਆਂ ਰਹੀਆਂ ਹਨ। ਸ਼ਖ਼ਸੀਅਤ, ਜ਼ਿੰਦਗੀ ਦੇ ਨਜ਼ਰੀਏ, ਜਜ਼ਬਾਤ ਅਤੇ ਅਮਲ ਦੇ ਸੰਗਠਿਤ ਰੂਪ ਦਾ ਨਾਂ ਹੈ। ਹਰ ਸ਼ਖ਼ਸੀਅਤ ਆਪਣੀ ਇਕ ਸਟਾਈਲ ਪੈਦਾ ਕਰਦੀ ਹੈ। ਪੰਜਾਬੀਅਤ ਜ਼ਿੰਦਗੀ ਦੀ ਇਕ ਖ਼ਾਸ ਸਟਾਈਲ ਹੈ ਜੋ ਦੂਜੀਆਂ ਕਲਚਰਾਂ ਦੀਆਂ ਸਟਾਈਲਾਂ ਦੀ ਤਰ੍ਹਾਂ ਸਦੀਆਂ ਦੇ ਅਨੁਭਵਾਂ

Digitized by Panjab Digital Library | www.panjabdigilib.org

ਤੋਂ ਪੈਦਾ ਹੋਈ ਹੈ। ਇਕੋ ਜਿਹੇ ਹਾਲਾਤ ਵਿਚ ਵੀ ਵੱਖ ਵੱਖ ਕਲਚਰਾਂ ਦੇ ਲੋਕ ਆਪਣੀ ਸਟਾਈਲ ਦੇ ਮੁਤਾਬਿਕ ਆਚਰਣ ਕਰਦੇ ਹਨ। ਜਿਸ ਤੋਂ ਉਨ੍ਹਾਂ ਦੇ ਠੱਪੇ ਅਤੇ ਸਾਂਚੇ ਦਾ ਪਤਾ ਲਗਦਾ ਹੈ।

ਪੰਜਾਬੀਅਤ ਦੇ ਸਾਂਚੇ ਤੋਂ ਨਿਕਲੇ ਲੋਕ ਨਵੇਂ ਰਸਤੇ ਲਭਦੇ ਹਨ, ਉਹ ਨਵੀਆਂ ਜੀਵਨ ਜਾਚਾਂ ਦੇ ਆਸ਼ਕ ਹੁੰਦੇ ਹਨ ਅਤੇ ਵੱਖ ਵੱਖ ਸਟਾਈਲਾਂ ਨੂੰ ਰਲਾ ਕੇ ਨਵੀਆਂ ਸਟਾਈਲਾਂ ਪੈਦਾ ਕਰਦੇ ਹਨ, ਵੱਖ ਵੱਖ ਮਜ਼ਹਬਾਂ ਅਤੇ ਕਲਚਰਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਪੁਲ ਬਣਾਉਂਦੇ ਹਨ, ਤੰਗ ਰਸਤਿਆਂ ਨੂੰ ਚੌੜਾ ਕਰਦੇ ਹਨ, ਜਿਸ ਤਰ੍ਹਾਂ ਗੁਰੂ ਨਾਨਕ ਨੇ ਹਿੰਦੂ ਧਰਮ ਤੇ ਇਸਲਾਮ ਦੇ ਵਿਚਕਾਰ ਪੁਲ ਬਣਾਇਆ ਸੀ। ਪੰਜਾਬੀ ਸੰਗੀਤ ਕਈ ਸ਼ੈਲੀਆਂ ਦਾ ਮਿਲਗੋਭਾ ਹੈ। ਵਿਚਾਰਾਂ ਦੇ ਪੁਰਾਣੇ ਸਨਮਾਨਿਤ ਅਤੇ ਸਰਕਾਰੀ ਠੱਪਿਆਂ ਨੂੰ ਵੀ ਪੰਜਾਬੀ ਮਨ ਅਕਸਰ ਨਾ-ਮਨਜ਼ੂਰ ਕਰ ਦਿੰਦਾ ਹੈ ਭਾਵੇਂ ਉਹ ਨੀਲ ਬਸਤਰ ਧਾਰਣ ਕਰਕੇ ਪਰਵਾਨ ਹੋਣ ਵਾਲਿਆਂ ਦਾ ਠੱਪਾ ਹੋਵੇ ਭਾਵੇਂ ਤਿਲਕ ਜੰਞੂ ਪਾ ਕੇ ਇਨਸਾਨਾਂ ਉਤੇ ਜ਼ੁਲਮ ਕਰਨ ਵਾਲਿਆਂ ਦਾ ਠੱਪਾ ਹੋਵੇ। ਬਾਲਨਾਥ ਦੀ ਦਿਤੀ ਮਤ ਸੁਣ ਕੇ ਰਾਂਝੇ ਦੇ ਮੂੰਹੋਂ ਨਿਕਲਿਆ ਜਵਾਬ ਇਸ ਸਟਾਈਲ ਦਾ ਨਮੂਨਾ ਹੈ। ਇਸ ਮੱਤ ਨੂੰ ਨਾ ਮਨਜ਼ੂਰ ਕਰਨ ਦੇ ਬਾਅਦ ਉਹ ਆਪਣੇ ਪਾਟੇ ਹੋਏ ਕੰਨ ਮੁੜ ਸਾਬਤ ਕਰਨ ਦੀ ਮੰਗ ਪੇਸ਼ ਕਰਦਾ ਹੈ। ਕਿਸੇ ਖ਼ਾਸ ਡਿਪਰੇਸ਼ਨ ਜਾਂ ਮਜਬੂਰੀ ਵਿਚ ਆ ਕੇ ਪੰਜਾਬੀ ਆਪਣੀ ਸਟਾਈਲ ਦੇ ਖ਼ਿਲਾਫ਼ ਵੀ ਜਾ ਸਕਦਾ ਹੈ, ਪਰ ਉਸ ਨੂੰ ਇਸ ਗੱਲ ਦਾ ਪਤਾ ਫ਼ੌਰਨ ਲਗ ਜਾਂਦਾ ਹੈ ਕਿ ਕਿਹੜੀ ਸਟਾਈਲ ਉਸ ਨੂੰ ਬਿਲਕੁਲ ਮਾਫ਼ਿਕ ਨਹੀਂ ਆ ਰਹੀ। ਪਾਟੇ ਹੋਏ ਕੰਨ ਇਕ ਜ਼ਬਰਦਸਤ ਸਿੰਬਲ ਹਨ—ਇਕ ਕਾਊਂਟਰ ਸਟਾਈਲ ਦੇ ਅਤੇ ਪੰਜਾਬੀ ਉਨ੍ਹਾਂ ਨੂੰ ਸਾਬਤ ਕਰਨਾ ਲੋਚਦਾ ਹੈ। ਪੰਜਾਬੀ ਨੇ ਜ਼ਿੰਦਗੀ ਦੀ ਪਰਵਾਨਗੀ ਦਾ ਰਸਤਾ ਚੁਣਿਆ ਹੈ, ਜ਼ਿੰਦਗੀ ਤੋਂ ਨੱਠਣ ਜਾਂ ਖ਼ੁਦਫ਼ਰੇਬੀ ਦਾ ਰਸਤਾ ਨਹੀਂ, ਅਤੇ ਨੱਠ ਕੇ ਉਹ ਜਾ ਵੀ ਕਿਥੇ ਸਕਦਾ ਹੈ ? ਉਹ ਜ਼ਿੰਦਗੀ ਦਾ ਆਸ਼ਕ ਹੈ, ਉਸ ਨੂੰ ਹਰ ਰੁੱਤ ਮਾਨਣ ਦਾ ਚਾਅ ਹੈ, ਜਿਸ ਨੂੰ ਉਹ ਖੇੜਾ ਸਮਝਦਾ ਹੈ ਉਸ ਦੇ ਨਾਲ ਉਹ ਕਦੀ ਵੀ ਨਹੀਂ ਰੁਸ ਸਕਦਾ ਕਿਉਂਕਿ ਦੋਵੇਂ ਮੁਤਜ਼ਾਦ ਹਨ। ਉਸ ਦੇ ਵਿਰਸੇ ਵਿਚ ਜੁਝਾਰੂਪਣ ਹੈ। ਇਸ਼ਕ, ਆਜ਼ਾਦੀ, ਖ਼ੂਬਸੂਰਤੀ ਅਤੇ ਖ਼ੁਦਮੁਖਤਿਆਰੀ ਉਸ ਦੀ ਰੂਹ ਨੂੰ ਟੁੰਬਦੀਆਂ ਹਨ

Digitized by Panjab Digital Library | www.panjabdigilib.org

ਉਹ ਕਿਸੇ ਹੋਰ ਦੇ ਬਣਾਏ ਹੋਏ 'ਭਾ ਨੂੰ ਕਬੂਲਣ ਦੀ ਬਜਾਏ ਖ਼ੁਦ ਆਪਣੇ ਨੂੰ ਡਿਜ਼ਾਈਨ ਕਰਨਾ ਲੋਚਦਾ ਹੈ।

ਇਨ੍ਹਾਂ ਕਰੈਕਟਰ ਟ੍ਰੇਟਸ ਵਾਲੇ ਬੰਦੇ ਬਾਰ ਬਾਰ ਪੰਜਾਬ ਦੀ ਧਰਤੀ ਤੇ ਜੰਮਦੇ ਰਹੇ ਹਨ। ਅਣਹੋਣੀਆਂ ਕਰਨ ਵਾਲੇ ਬਚਿੱਤਰ ਕੰਮ ਕਰਨ ਵਾਲੇ, ਵਡੇ ਤੋਂ ਵਡਾ ਚੈਲੰਜ ਕਬੂਲ ਕਰਨ ਵਾਲੇ ਮਰਦ ਅਤੇ ਔਰਤਾਂ ਆਈ. ਐਸ. ਆਈ. ਦੇ ਨਿਸ਼ਾਨ ਵਾਂਗ ਪੰਜਾਬੀਅਤ ਦੇ ਠੱਪੇ ਦਾ ਖ਼ਾਸ ਨਿਸ਼ਾਨ ਹਨ। "ਮੈਥੋਂ ਡਰੇ ਖ਼ੁਦਾ" ਕਹਿਣ ਵਾਲੇ ਮਿਰਜ਼ੇ ਤੋਂ ਲੈ ਕੇ ਸੜੀ ਹੋਈ ਰੋਟੀ ਨੂੰ ਡਾਂਗ ਤੇ ਚਾ ਕੇ "ਤੂੰ ਖਾ" ਦਾ ਨਾਹਰਾ ਬੁਲੰਦ ਕਰਨ ਵਾਲਾ, ਰੱਬ ਨੂੰ ਵੰਗਾਰਣ ਵਾਲਾ ਦੁੱਗਲ ਦੀ ਕਹਾਣੀ ਦਾ ਬੁੱਢਾ ਪਾਤਰ ਇਕੋ ਹੀ ਸਾਂਚੇ ਤੋਂ ਨਿਕਲੇ ਹੋਏ ਹਨ। ਪ੍ਰਚਲਿਤ ਆਫ਼ਸ਼ਿਅਲ ਕਲਚਰ ਦੇ ਹਿਸਾਬ ਨਾਲ ਇਹ ਸਾਰੇ ਐਬਨਾਰਮਲ ਜਾਂ (Cuttural Deviants) ਹਨ — ਪਰ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਉਹ ਬੁਲ੍ਹੇਸ਼ਾਹ ਵਾਂਗ ਸਰਕਾਰੀ ਕਿਤਾਬਾਂ ਨੂੰ ਠੱਪ ਰਖਣ ਦੀ ਮੰਗ ਕਰਦੇ ਹਨ ਅਤੇ ਆਪਣਾ ਇਕ ਅਲਗ ਗਰੁੱਪ ਬਣਾ ਲੈਂਦੇ ਹਨ। ਧਰਤੀ ਤੇ ਇਨਸਾਨ ਦੀ ਕੀ ਥਾਂ ਹੈ ਅਤੇ ਇਨਸਾਨ ਦੀ ਹਸਤੀ ਦੇ ਅਰਥ ਨੂੰ ਪੰਜਾਬੀਆਂ ਨੇ ਆਪਣੀ ਸਟਾਈਲ ਵਿਚ ਪਰਿਭਾਸ਼ਿਤ ਕੀਤਾ ਹੈ, ਇਸ (World View) ਦਾ ਨਮੂਨਾ ਪਾਇਦਾਰ ਸਾਹਿਤ ਅਤੇ ਕਲਾ ਵਿਚ ਉਲੀਕਿਆ ਹੋਇਆ ਹੈ।

ਸੰਸਾਰ ਦੇ ਸਾਰੇ ਸਾਹਿਤਾਂ ਦੀ ਤਰ੍ਹਾਂ ਪੰਜਾਬੀ ਸਾਹਿਤ ਵਿਚ ਵੀ ਕੁਝ ਅਜਿਹੀਆਂ (Themes) ਹਨ ਜੋ ਬਾਰ ਬਾਰ ਦੁਹਰਾਈਆਂ ਜਾਂਦੀਆਂ ਹਨ। ਇਨ੍ਹਾਂ ਬੁਨਿਆਦੀ ਕਦਰਾਂ ਦਾ ਸਹੀ ਅਤੇ ਪੂਰਾ ਗਿਆਨ ਤਾਂ ਹੀ ਹੋ ਸਕਦਾ ਹੈ ਜੇ ਸਾਨੂੰ ਪੰਜਾਬੀ ਕਲਚਰ ਦੇ ਪੂਰੇ ਸੰਦਰਭ ਦਾ ਪਤਾ ਹੋਵੇ। ਮਿਸਾਲ ਦੇ ਤੌਰ ਤੇ ਅੱਜ ਦੇ ਸ਼ਹਿਰਾਂ ਅਤੇ ਪਿੰਡਾਂ ਦੀ ਪੰਜਾਬੀ ਕਲਚਰ ਤੇ ਵੀ ਪੁਰਾਣੀ ਟ੍ਰਾਈਬਲ ਕਲਚਰਾਂ ਦੀ ਛਾਪ ਹੈ ਇਨ੍ਹਾਂ ਕਲਚਰਾਂ ਦੀ ਵਿਚਾਰਧਾਰਾ ਕਈ ਦਿਸ਼ਾਵਾਂ ਅਤੇ ਪਰੰਪਰਾਵਾਂ ਤੋਂ ਆਈ ਹੈ, ਜਿਨ੍ਹਾਂ ਦੀਆਂ ਜੜ੍ਹਾਂ ਮੱਧ ਏਸ਼ੀਆ, ਅਰਬ ਦੇਸ਼ਾਂ, ਤੋਂ ਲੈ ਕੇ ਪੁਰਾਣੀ ਦ੍ਰਾਵਿੜ ਕੋਲ, ਮੁੰਡਾ ਅਤੇ ਦੂਜੀਆਂ ਟ੍ਰਾਈਬਲ ਪਰੰਪਰਾਵਾਂ ਤੱਕ ਫੈਲੀਆਂ ਹੋਈਆਂ ਹਨ ਅਤੇ ਉਨ੍ਹਾਂ ਨਾਲ ਪੰਜਾਬੀਅਤ ਦੇ ਰਿਸ਼ਤੇ ਅਤੇ ਸਾਂਝ ਦੀਆਂ ਯਾਦਗਾਰਾਂ ਹਨ। ਅੱਜ ਦੀ ਦੁਨੀਆਂ ਵਿਚ ਇਨ੍ਹਾਂ ਸਾਂਝਾਂ ਦਾ ਗਿਆਨ ਅਤੇ ਵਿਸ਼ਲੇਸ਼ਣ ਭਾਰਤ ਅਤੇ ਸੰਸਾਰ ਦੇ ਦੇਸ਼ਾਂ ਦੀ ਏਕਤਾ ਵਿਚ ਬਹੁਤ ਮਦਦਗਾਰ ਸਾਬਤ ਹੋ ਸਕਦਾ ਹੈ। ਅਸੀਂ ਸਥਾਈ ਅਤੇ ਅਸਥਾਈ

Digitized by Panjab Digital Library | www.panjabdigilib.org

ਕਦਰਾਂ ਦੀ ਪਹਿਚਾਨ ਕਰ ਸਕਦੇ ਹਾਂ ਅਤੇ ਪਤਾ ਲਗਾ ਸਕਦੇ ਹਾਂ ਕਿ ਕਿਹੜੀਆਂ ਧਾਰਾਵਾਂ ਪੰਜਾਬੀ ਸੂਬਾ ਦੇ ਅਨੁਕੂਲ ਹਨ, ਕਿਹੜੀਆਂ ਮੁਤਜ਼ਾਦ ਹਨ। ਕਿਹੜੀਆਂ ਧਾਰਾਵਾਂ ਸੁਕ ਕੇ ਰੇਤ ਦੇ ਹੇਠਾਂ ਚਲੀਆਂ ਗਈਆਂ ਹਨ, ਜਿਨ੍ਹਾਂ ਨੂੰ ਮੁੜ ਕੇ ਜ਼ਿੰਦਾ ਕੀਤਾ ਜਾ ਸਕਦਾ ਹੈ। ਇਹ ਅਧਿਅਨ ਪੰਜਾਬੀ ਕਲਚਰਲ ਵਿਰਸੇ ਨੂੰ ਜ਼ਿਆਦਾ ਅਮੀਰ ਬਣਾਉਣ ਵਿਚ ਸਹਾਇਕ ਹੋ ਸਕਦਾ ਹੈ।

ਸਾਡਾ ਸਭ ਤੋਂ ਵਡਾ ਕਲਚਰਲ ਸਰਮਾਇਆ ਮਿਲਜੁਲ ਕੇ ਕੰਮ ਕਰਨ ਦੀ ਭਾਵਨਾ ਹੈ। ਜਿਸ ਨੇ ਹਮੇਸ਼ਾ ਆਪਣਾ ਹੱਕ ਲੈਣ, ਰੱਲ ਕੇ ਰਹਿਣ ਅਤੇ ਵਡ ਛੱਕਣ ਦੀ ਜਾਚ ਸਿਖਾਈ ਹੈ। ਇਨਸਾਨ ਤੋਂ ਨਖੇੜ ਕੇ ਉਸ ਨੂੰ ਭੁੱਖਾ ਬਘਿਆੜ ਬਣਾਉਣ ਵਾਲੀ ਅਤੇ ਬੇਗਾਨਾਪਨ ਵਧਾਉਣ ਵਾਲੀ ਇੰਡਵਿਜੂ-ਲਿਜ਼ਮ ਜਿਸ ਨੂੰ ਪੱਛਮੀ ਪੂੰਜੀਵਾਦੀ ਫ਼ਿਲਾਸਫ਼ੀ ਵਿਚ ਆਦਰਸ਼ ਸ਼ਖਸੀਅਤ ਮੰਨਿਆ ਜਾਂਦਾ ਹੈ — ਪੰਜਾਬੀ ਸੂਬਾ ਨੂੰ ਕਦੀ ਰਾਸ ਨਹੀਂ ਆ ਸਕਦੀ। ਕੁਲ ਮਾਣਸ ਦੀ ਇਕ ਜ਼ਾਤ ਸਮਝਣ ਦਾ ਟੀਚਾ ਪੰਜਾਬੀ ਮਾਨਵਾਦ ਦਾ ਪ੍ਰਮੁਖ ਟੀਚਾ ਹੈ।

ਪੰਜਾਬ ਇਤਿਹਾਸ ਵਿਚ ਕਦੀ ਵੀ ਨਿਵੇਕਲੀ ਥਾਂ ਨਹੀਂ ਰਿਹਾ ਬਲਕਿ ਹਰ ਘੜੀ ਇਤਿਹਾਸ ਥਿਏਟਰ ਉਤੇ ਇਤਿਹਾਸ ਦਾ ਹੀਰੋ ਰਿਹਾ ਹੈ। ਹਰ ਸਦੀ ਦੇ ਵਡੇ ਸਵਾਲ, ਮਜ਼ਹਬਾਂ ਅਤੇ ਸਿਆਸਤਾਂ ਦੇ ਡਾਇਲਾਗ ਪੰਜਾਬ ਵਿਚ ਹੋਏ ਹਨ। ਕਲਚਰਾਂ ਦੇ ਮੇਲ ਅਤੇ ਟਕਰਾਉ ਤੋਂ ਨਿਕਲੇ ਨਵੇਂ ਨਮੂਨੇ ਇਥੋਂ ਹੀ ਨਿਕਲਦੇ ਰਹੇ ਅਤੇ ਪਰਵਾਨ ਹੁੰਦੇ ਰਹੇ ਹਨ। ਨਿਵੇਕਲੀਆਂ ਰਹਿਣ ਵਾਲੀਆਂ ਕਲਚਰਾਂ ਵਿਚ ਪੈਦਾ, ਵਿਕਸਤ ਹੋਈਆਂ ਕਦਰਾਂ ਜੋ ਅਲਗਾਉ (Alienation) ਤੇ ਅਧਾਰਿਤ ਹੁੰਦੀਆਂ ਹਨ ਇਹ ਕਦਰਾਂ ਪੰਜਾਬ ਵਿਚ ਫੁੱਲ ਫੱਲ ਨਹੀਂ ਸਕਦੀਆਂ। ਭਾਵੇਂ ਉਹ ਸ਼ਰਾ ਦੀਆਂ ਪਾਬੰਦੀਆਂ ਹੋਣ ਭਾਵੇਂ 'ਉਚ' 'ਨੀਚ' ਦਾ ਨਸਲਵਾਦੀ ਫ਼ਲਸਫ਼ਾ ਹੋਵੇ। ਇਨਸਾਨ ਵਿਰੋਧੀ ਫ਼ਲਸਫ਼ੇ ਨੂੰ ਪੰਜਾਬ ਦੀ ਧਰਤੀ ਤੇ ਢੋਈ ਨਹੀਂ ਮਿਲੀ ਕਿਉਂਕਿ ਅਜਿਹੇ ਸਾਂਚੇ ਪੰਜਾਬੀ ਆਤਮਾ ਦੇ ਮੇਚ ਨਹੀਂ ਆ ਸਕਦੇ। ਅਨੇਕ ਰੂਪਾਂ ਵਿਚ ਬਾਰ ਬਾਰ ਲੋਕਾਇਤ ਫ਼ਿਲਾਸਫ਼ੀ ਇਥੇ ਜਨਮਦੀ ਰਹੀ ਹੈ। ਹਮੇਸ਼ਾ ਤੋਂ ਦੋ ਕਲਚਰਲ ਧਾਰਾਵਾਂ ਨਾਲੋਂ ਨਾਲ ਚਲਦੀਆਂ ਰਹੀਆਂ ਹਨ, ਲੋਕ ਕਲਚਰ ਅਤੇ ਬ੍ਰਾਹਮਣ ਕਲਚਰ ਦੀ ਧਾਰਾ। ਪੰਜਾਬੀ ਗੁਰੂਆਂ ਨੇ ਹਮੇਸ਼ਾ ਕਲਚਰ ਦਾ ਰਿਸ਼ਤਾ ਲੋਕ

Digitized by Panjab Digital Library | www.panjabdigilib.org

ਕਲਚਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਜ਼ੋਰ ਜ਼ਬਰਦਸਤੀ ਦੇ ਖ਼ਿਲਾਫ਼ ਲਗਾਤਾਰ ਲੜਦੇ ਰਹਿਣ ਕਰ ਕੇ ਪੰਜਾਬੀ ਸੂਭਾ ਫ਼ੌਜੀਆਂ ਵਰਗਾ ਹੋ ਗਿਆ ਹੈ। ਵੀਅਤਨਾਮ ਅਤੇ ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਆਪਣੇ ਪੁਰਾਣੇ ਜੁਝਾਰੂ ਵਿਰਸੇ ਨਾਲ ਜੋੜਨਾ ਸੱਚੇ ਪੰਜਾਬੀ ਸ਼ਾਇਰ ਲਈ ਸੁਭਾਵਕ ਹੈ। ਉਨ੍ਹਾਂ ਨਾਲ ਉਹ ਆਪਣਾ ਰੂਹਾਨੀ ਭਾਈਚਾਰਾ ਜੋੜਦਾ ਹੈ, ਇੰਜ ਉਹ ਆਪਣੇ ਖ਼ਾਸੇ ਦੇ ਮੁਤਾਬਿਕ ਮੁੜ ਦੁਨੀਆਂ ਦੀ ਵੇਵਲੈਂਥ ਤੇ ਪਹੁੰਚ ਜਾਂਦਾ ਹੈ, ਇਸੇ ਕਰ ਕੇ ਕਨਫ਼ਰਮਿਟੀ ਦਾ ਵਿਰੋਧ ਅਤੇ ਬੇਤਕੱਲੁਫ਼ੀ ਪੰਜਾਬੀਆਂ ਵਿਚ ਹੋਰਨਾਂ ਨਾਲੋਂ ਜ਼ਿਆਦਾ ਹੈ।

ਇਸ ਵੇਲੇ ਸਭ ਤੋਂ ਵਡੀ ਜ਼ਰੂਰਤ ਪੰਜਾਬੀ ਕਲਚਰ ਅਤੇ ਉਸ ਦੀਆਂ ਉਪਸੰਸਕਰਿਤੀਆਂ ਦੇ ਵਿਗਿਆਨਿਕ ਅਧਿਅਨ ਦੀ ਹੈ ਜੋ ਵਖ ਵਖ ਕਲਚਰਾਂ ਦੇ ਨਮੂਨਿਆਂ, ਖੇਤੀਬਾੜੀ, ਘੋੜਸਵਾਰੀ, ਪਸ਼ੂ ਪਾਲਣ ਦੇ ਮਿਲਗੋਭੇ ਨਾਲ ਬਣੀ ਹੈ। ਇਸੇ ਲਈ ਹਰੇ ਇਨਕਲਾਬ ਦੇ ਹਾਈਬ੍ਰਿਡ ਬੀਆਂ ਦੀ ਤਰ੍ਹਾਂ, ਪੰਜਾਬੀ ਕਲਚਰ ਜ਼ਿਆਦਾ ਤੰਦਰੁਸਤ ਹੈ ਜਿਸ ਨੂੰ ਮਾਨਵ ਵਿਗਿਆਨੀ ਹਾਈਬ੍ਰਿਡ ਵਿਗਰ ਆਖਦੇ ਹਨ।

ਕਲਚਰ ਵਿਰਸੇ ਨੂੰ ਪਰਿਭਾਸ਼ਿਤ ਕਰਨਾ, ਅਤੇ ਲੋਕਾਂ ਤੱਕ ਪਚਾਉਣਾ ਇੰਟੇਲੈਕਚੁਅਲਾਂ ਦਾ ਸਭ ਤੋਂ ਵਡਾ ਫ਼ਰਜ਼ ਬਣਦਾ ਹੈ। ਮੈਂ ਕਾਨਫ਼ਰੰਸ ਵਿਚ ਆਏ ਸੂਝਵਾਨਾਂ ਲਈ ਕੁਝ ਸੁਝਾਵ ਪੇਸ਼ ਕਰਨਾ ਚਾਹੁੰਦੀ ਹਾਂ :

੧. ਇਕ ਪੰਜਾਬੀ ਸਟੱਡੀਜ਼ ਸੈਂਟਰ ਨਾਂ ਦੀ ਸੰਸਥਾ ਕਾਇਮ ਕੀਤੀ ਜਾਏ ਜੋ ਮਾਨਵ ਵਿਗਿਆਨੀਆਂ, ਇਤਿਹਾਸਕਾਰਾਂ ਅਤੇ ਸਾਹਿਤ ਮਾਹਿਰਾਂ ਦੀ ਮਦਦ ਨਾਲ ਪੰਜਾਬੀ ਕਲਚਰ ਦੇ ਬੁਨਿਆਦੀ ਟੀਚਿਆਂ ਅਤੇ ਕਦਰਾਂ ਦਾ ਵਿਸ਼ਲੇਸ਼ਣ ਕਰੇ।

੨. ਪੰਜਾਬੀ ਵਿਰਸੇ ਬਾਰੇ ਇਕ ਮੈਗਜ਼ੀਨ ਕੱਢੀ ਜਾਏ।

੩. ਪੰਜਾਬ ਵਿਚ ਹਰ ਵਿਦਿਆਰਥੀ ਦੀ ਵਾਕਫ਼ੀਅਤ ਪੰਜਾਬ ਦੇ ਕਲਚਰ ਵਿਰਸੇ, ਉਸ ਦੇ ਟੀਚਿਆਂ ਨਾਲ ਕਰਵਾਉਣ ਲਈ ਕੋਰਸ ਦੀਆਂ ਕਿਤਾਬਾਂ ਵਿਚ ਇਸ ਵਿਰਸੇ ਦੀ ਜਾਣਕਾਰੀ ਸ਼ਾਮਲ ਕੀਤੀ ਜਾਏ। ਸਕੂਲਾਂ ਵਿਚ ਪੰਜਾਬੀ ਲੋਕ ਗੀਤਾਂ ਨਾਲ ਬੱਚਿਆਂ ਦੀ ਵਾਕਫ਼ੀਅਤ ਕਰਵਾਈ ਜਾਏ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਫ਼ੋਕਲੋਰ ਦੇ ਅਲਗ ਵਿਭਾਗ ਖੋਹਲੇ

Digitized by Panjab Digital Library | www.panjabdigilib.org

ਜਾਣ, ਕਿਉਂਕਿ ਫ਼ੋਕਲੋਰ ਪ੍ਰੋਟੋ-ਲਿਟਰੇਚਰ ਹੁੰਦਾ ਹੈ।

੪. ਪੰਜਾਬ, ਭਾਰਤ ਅਤੇ ਦੁਨੀਆਂ ਦੇ ਉਨ੍ਹਾਂ ਵਡੇ ਸ਼ਹਿਰਾਂ ਵਿਚ ਜਿਥੇ ਪੰਜਬੀ ਕਾਫ਼ੀ ਤਾਦਾਦ ਵਿਚ ਵਸੇ ਹੋਏ ਹਨ, ਪੰਜਾਬੀ ਵਿਰਸੇ ਦੇ ਪ੍ਰਚਾਰ ਲਈ ਪੰਜਾਬੀ ਕਲਚਰਲ ਸੈਂਟਰ ਖੋਲ੍ਹੇ ਜਾਣ।

ਪੰਜਾਬੀ ਕੌਮੀਅਤ ਦਾ ਭਵਿੱਖ ਸਭ ਤੋਂ ਜ਼ਿਆਦਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਵਖ ਵਖ ਮਜ਼ਹਬਾਂ ਦੇ ਪੰਜਾਬੀਆਂ ਵਿਚ ਸਾਂਝੀ ਜ਼ਬਾਨ ਅਤੇ ਸਾਹਿਤ ਦੀ ਏਕਤਾ ਦੇ ਕਿਹੜੇ ਸਿੰਬਲ ਅਪਣਾਏ ਜਾਂਦੇ ਹਨ, ਜੋ ਅਤੀਤ, ਵਰਤਮਾਨ ਅਤੇ ਭਵਿੱਖ ਦੇ ਸਾਂਝੇ ਵਿਰਸੇ ਅਤੇ ਸਾਂਝੀ ਆਈਡੈਂਟਿਟੀ ਤੇ ਜ਼ੋਰ ਦੇਣ। ਪੰਜਾਬੀਅਤ ਦੀ ਸਭ ਤੋਂ ਵਡੀ ਸਮੱਸਿਆ ਪਰਿਭਾਸ਼ਾ ਦੀ ਹੈ। ਪੰਜਾਬੀ ਕੌਮੀਅਤ ਪਰਾਣੀ ਹੁੰਦੇ ਹੋਏ ਵੀ ਕਈ ਅਰਥਾਂ ਵਿਚ ਨਵੀਂ ਹੈ। ਪੁਰਾਣੇ ਪੰਜਾਬੀ ਸਾਹਿਤ ਨੇ ਸਾਨੂੰ ਕਈ ਸਿੰਬਲ ਦਿਤੇ ਹਨ। ਸਵਾਲ ਨਵੇਂ ਸੰਦਰਭ ਵਿਚ ਪੁਰਾਣੇ ਵਿਰਸੇ ਨੂੰ ਅਰਥਪੂਰਣ ਬਣਾਉਣ ਦਾ ਹੈ। ਹੁਣ ਤੀਕ ਪੰਜਾਬੀਆਂ ਨੂੰ "ਆਰੀਆਂ ਦੀ ਔਲਾਦ" ਕਰਨ ਦੇ ਕਈ ਜਤਨ ਕੀਤੇ ਗਏ ਹਨ, ਇਹ ਕੰਸੈਪਟ ਕਿਤਨਾ ਨਸਲਵਾਦੀ ਹੈ ਇਸ ਦਾ ਨਤੀਜਾ ਅਸੀਂ ਨਾਜ਼ੀਵਾਦ ਦੀ ਫ਼ਿਲਾਸਫ਼ੀ ਨਾਲ ਹੋਈ ਤਬਾਹੀ ਵਿਚ ਦੇਖ ਚੁੱਕੇ ਹਾਂ। "ਆਰੀਆ" ਨਾ ਦੀ ਕੋਈ ਨਸਲ ਨਹੀਂ। ਜਿਸ ਤਰ੍ਹਾਂ ਔਸਤ ਹਿੰਦੁਸਤਾਨੀ ਦੇ ਮਜ਼ਹਬ ਰੰਗ ਰੂਪ ਅਤੇ ਸਾਈਜ਼ ਦਾ ਖ਼ਾਸ ਸਾਂਚਾ ਨਹੀਂ ਉਸੀ ਤਰ੍ਹਾਂ ਪੰਜਾਬੀਅਤ ਨੂੰ ਵੀ ਕਿਸੇ ਖ਼ਾਸ ਮਜ਼ਹਬ ਜਾਂ ਨਸਲ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਪੰਜਾਬੀਅਤ ਦੇ ਵਿਆਪਕ ਸਿੰਬਲ ਉਸ ਦੇ ਕਲਚਰਲ ਵਿਰਸੇ ਅਤੇ ਸਭ ਤੋਂ ਜ਼ਿਆਦਾ ਪੰਜਾਬੀ ਜ਼ਬਾਨ ਵਿਚ ਮਿਲਦੇ ਹਨ, ਜੋ ਸਭ ਰੰਗਾਂ ਅਤੇ ਮਜ਼ਹਬਾਂ ਦੇ ਮਾਂ-ਬੋਲੀ ਹੈ। ਆਧੁਨਿਕਤਾ ਜਾਂ ਪ੍ਰਧਾਨੀ-ਕਰਨ ਦੇ ਨਾਂ ਤੇ ਇਸ ਬੋਲੀ ਦੀ ਬਣਤਰ ਨੂੰ ਵਿਗਾੜਨਾ ਪੰਜਾਬੀਅਤ ਵਿਚ ਮਿਲਾਵਟ ਕਰਨਾ ਹੈ। ਹਰ ਬੋਲੀ ਵਿਚ ਇਤਨੀ ਆਪਣੇ ਸੁਭਾ ਅਤੇ ਲੋੜ ਦੇ ਮੁਤਾਬਿਕ ਨਵੇਂ ਸ਼ਬਦ ਘੜਨ ਦੀ ਸ਼ਕਤੀ ਹੁੰਦੀ ਹੈ। ਬੋਲੀ ਨੂੰ 'ਸ਼ੁਧ' ਬਣਾਉਣਾ ਉਸ ਦੀਆਂ ਜੜ੍ਹਾਂ ਕੱਟਣਾ ਹੈ। ਉਸ ਦੇ ਬਾਅਦ ਉਹ ਸ਼ਿਸ਼ਟ ਵਰਗ ਦੇ ਕੰਮ ਆ ਸਕਦੀ ਹੈ — ਲੋਕਾਂ ਦੇ ਕੰਮ ਦੀ ਨਹੀਂ ਰਹਿੰਦੀ। ਹਰ ਬੋਲੀ ਦੇ ਨਾਲ ਉਸ ਦੇ ਬੋਲਣ ਵਾਲਿਆਂ ਦੇ ਸੋਚਣ ਅਤੇ ਮਹਿਸੂਸ ਕਰਨ ਦੇ ਖ਼ਾਸ ਨਮੂਨੇ ਜੁੜੇ ਹੁੰਦੇ ਹਨ, ਪੰਜਾਬੀ ਦੇ ਸੰਸਕ੍ਰਿਤੀਕਰਣ, ਅਰਬੀ ਜਾਂ ਫ਼ਾਰਸੀਕਰਣ ਨਾਲ ਦਾ ਸਿਰਫ਼ ਇਨ੍ਹਾਂ ਨਮੂਨਿਆਂ ਨੂੰ

Digitized by Panjab Digital Library | www.panjabdigilib.org

ਹੀ ਨੁਕਸਾਨ ਪਹੁੰਚੇਗਾ ਬਲਕਿ ਪੰਜਾਬੀਆਂ ਦੇ ਆਪਸ ਵਿਚ ਕਮਿਊਨੀਕੇਸ਼ਨ ਅਤੇ ਡਾਇਲਾਗ ਦੇ ਰਸਤੇ ਵਿਚ ਕੰਧਾਂ ਖੜੀਆਂ ਹੋ ਜਾਣਗੀਆਂ। ਵੀਹਵੀਂ ਸਦੀ ਦਾ ਇਹ ਦਹਾਕਾ ਕੰਧਾਂ ਢਾਹੁਣ ਦਾ ਹੈ, ਕੰਧਾਂ ਖੜੀਆਂ ਕਰਨ ਦਾ ਨਹੀਂ।

Prof Dr. Harnam Singh Shan
Principal Project Investigator
U.G.C. Research Project on Sikhism
805, Sector 16 Chandigarh.

ਨਵਯੁਗ ਪ੍ਰੈਸ, ਦਿੱਲੀ ਵਿਚ ਛਪਿਆ।

Digitized by Panjab Digital Library | www.panjabdigilib.org

PL-0666

Digitized by Panjab Digital Library | www.panjabdigilib.org

Digitized by Panjab Digital Library | www.panjabdigilib.org